1-DEC-PAGE-1.qxd 11/30/2023 10:47 PM Page 1

ਸ਼ੁੱਕਰਵਾਰ, 1 ਦਸੰਬਰ, 2023
16 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 181

ਨਵਾਂ ਜ਼ਮਾਨਾ

DAILY NAWAN ZAMANA • FRIDAY, 1 DECEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਕਿਸਿੰਜਰ ਦਾ ਦੇਹਾਂਤ

ਵਾਸ਼ਿੰਗਟਨ : ਅਮਰੀਕਾ ਦੇ ਸਾਬਕਾ ਵਿਦੇਸ਼ ਮੰਤਰੀ ਹੈਨਰੀ ਕਿਸਿੰਜਰ ਦਾ ਵੀਰਵਾਰ ਦੇਹਾਂਤ ਹੋ ਗਿਆ। ਉਹ 100 ਸਾਲ ਦੇ ਸਨ। ਕਿਸਿੰਜਰ ਦੀ ਸਲਾਹਕਾਰ ਕੰਪਨੀ 'ਕਿਸਿੰਜਰ ਐਸੋਸੀਏਟਸ' ਨੇ ਇਹ ਜਾਣਕਾਰੀ ਦਿੱਤੀ। ਕਿਸਿੰਜਰ ਨੇ ਦੋ ਅਮਰੀਕੀ ਰਾਸ਼ਟਰਪਤੀਆਂ ਰਿਚਰਡ ਨਿਕਸਨ ਅਤੇ ਗੇਰਾਲਡ ਫੋਰਡ ਦੇ ਕਾਰਜਕਾਲ ਦੌਰਾਨ ਸੇਵਾ ਕੀਤੀ। 1969 'ਚ ਉਸ ਸਮੇਂ ਦੇ ਰਾਸ਼ਟਰਪਤੀ ਰਿਚਰਡ ਨਿਕਸਨ ਨੇ ਉਨ੍ਹਾ ਨੂੰ ਕੌਮੀ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ। ਇਹ ਅਜਿਹਾ ਅਹੁਦਾ ਸੀ ਜਿਸ ਨੇ ਉਨ੍ਹਾ ਨੂੰ ਅਮਰੀਕੀ ਵਿਦੇਸ਼ ਨੀਤੀ 'ਤੇ ਡੂੰਘੀ ਪਕੜ ਦਿੱਤੀ ਸੀ। ਉਨ੍ਹਾ ਵੀਅਤਨਾਮ ਯੁੱਧ ਨੂੰ ਖਤਮ ਕਰਨ ਅਤੇ ਚੀਨ ਤੇ ਅਮਰੀਕਾ ਦੇ ਸੰਬੰਧਾਂ ਨੂੰ ਸੁਧਾਰਨ 'ਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ। ਸਾਲ 1973 'ਚ ਉਨ੍ਹਾ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ।

ਵਰਵਰਾ ਨੂੰ ਮੋਤੀਆਬਿੰਦ ਦੀ ਸਰਜਰੀ ਲਈ ਇਜਾਜ਼ਤ

ਮੁੰਬਈ : ਇਥੋਂ ਦੀ ਵਿਸ਼ੇਸ਼ ਐੱਨ ਆਈ ਏ ਅਦਾਲਤ ਨੇ 2018 ਦੇ ਐਲਗਾਰ ਪ੍ਰੀਸ਼ਦ-ਮਾਓਵਾਦੀ ਸੰਬੰਧਾਂ ਦੇ ਮਾਮਲੇ 'ਚ ਸਮਾਜੀ ਕਾਰਕੁੰਨ ਵਰਵਰਾ ਰਾਓ ਨੂੰ ਖੱਬੀ ਅੱਖ ਵਿਚ ਮੋਤੀਆਬਿੰਦ ਦੀ ਸਰਜਰੀ ਲਈ 5 ਤੋਂ 11 ਦਸੰਬਰ ਤਕ ਹੈਦਰਾਬਾਦ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸਦੇ ਨਾਲ ਹੀ ਜਸਟਿਸ ਰਾਜੇਸ਼ ਕਟਾਰੀਆ ਨੇ ਰਾਓ ਨੂੰ ਆਪਣੀ ਯਾਤਰਾ ਦੇ ਵੇਰਵੇ ਅਤੇ ਉਸ ਸਥਾਨ ਦਾ ਪਤਾ ਤੇ ਸੰਪਰਕ ਨੰਬਰ 4 ਦਸੰਬਰ ਨੂੰ ਏਜੰਸੀ ਨੂੰ ਦੇਣ ਲਈ ਕਿਹਾ ਹੈ।

ਧਰਮਸੋਤ ਤੇ ਗਿਲਜੀਆਂ 'ਤੇ ਛਾਪਾ

ਚੰਡੀਗੜ੍ਹ : ਜੰਗਲਾਤ ਘਪਲੇ ਦੇ ਮਾਮਲੇ 'ਚ ਈ ਡੀ ਨੇ ਵੀਰਵਾਰ ਕੈਪਟਨ ਸਰਕਾਰ ਵਿਚ ਜੰਗਲਾਤ ਮੰਤਰੀ ਰਹੇ ਸਾਧੂ ਸਿੰਘ ਧਰਮਸੋਤ ਤੇ ਸੰਗਤ ਸਿੰਘ ਗਿਲਜੀਆਂ ਅਤੇ ਕੁਝ ਠੇਕੇਦਾਰਾਂ ਤੇ ਉਨ੍ਹਾਂ ਦੇ ਕਰੀਬੀਆਂ 'ਤੇ ਮਨੀ ਲਾਂਡਰਿੰਗ ਮਾਮਲੇ ਦੀ ਜਾਂਚ ਦੇ ਸੰਬੰਧ ਵਿਚ 14 ਥਾਂਵਾਂ 'ਤੇ ਛਾਪੇਮਾਰੀ ਕੀਤੀ। ਧਰਮਸੋਤ ਨੂੰ ਇਸ ਸਾਲ ਦੀ ਸ਼ੁਰੂਆਤ 'ਚ ਪੰਜਾਬ ਵਿਜੀਲੈਂਸ ਬਿਊਰੋ ਨੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਸੀ।

ਜੱਸਾ ਹੈਪੋਵਾਲ ਗ੍ਰਿਫ਼ਤਾਰ

ਚੰਡੀਗੜ੍ਹ : ਪੰਜਾਬ ਪੁਲਸ ਦੀ ਕਾਊਂਟਰ ਇੰਟੈਲੀਜੈਂਸ-ਜਲੰਧਰ ਨੇ ਗੈਂਗਸਟਰ ਕਰਨਜੀਤ ਸਿੰਘ ਉਰਫ ਜੱਸਾ ਹੈਪੋਵਾਲ ਨੂੰ ਅਸਲੇ ਸਣੇ ਗ੍ਰਿਫ਼ਤਾਰ ਕੀਤਾ ਹੈ, ਜੋ ਕਿ ਵਿਦੇਸ਼ ਸਥਿਤ ਗੈਂਗਸਟਰ ਸੋਨੂੰ ਖੱਤਰੀ ਲਈ ਕੰਮ ਕਰਦਾ ਸੀ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਜੱਸਾ ਕਤਲ ਦੇ ਛੇ ਮਾਮਲਿਆਂ 'ਚ ਲੋੜੀਂਦਾ ਸੀ, ਜਿਸ 'ਚ ਜਲੰਧਰ ਦੇ ਪਿੰਡ ਭੋਜੋਵਾਲ 'ਚ ਔਰਤ ਅਤੇ ਧੀ ਦਾ ਦੋਹਰਾ ਕਤਲ ਅਤੇ ਹੋਰ ਘਿਨਾਉਣੇ ਅਪਰਾਧ ਸ਼ਾਮਲ ਸਨ।

ਜ਼ਹਿਰੀਲੀ ਆਯੁਰਵੈਦਿਕ ਦਵਾਈ ਨਾਲ 5 ਮੌਤਾਂ

ਨਡਿਆਡ : ਗੁਜਰਾਤ ਦੇ ਖੇੜਾ ਜ਼ਿਲ੍ਹੇ 'ਚ ਮਿਥਾਇਲ ਅਲਕੋਹਲ ਵਾਲੀ ਆਯੁਰਵੈਦਿਕ ਦਵਾਈ ਨੂੰ ਪੀਣ ਕਾਰਨ ਦੋ ਦਿਨਾਂ 'ਚ ਘੱਟੋ-ਘੱਟ ਪੰਜ ਵਿਅਕਤੀਆਂ ਦੀ ਮੌਤ ਹੋ ਗਈ ਹੈ ਅਤੇ ਦੋ ਹਸਪਤਾਲ 'ਚ ਭਰਤੀ ਹਨ। ਨਡਿਆਡ ਕਸਬੇ ਨੇੜੇ ਬਿਲੋਦਰਾ ਪਿੰਡ 'ਚ ਇੱਕ ਦੁਕਾਨਦਾਰ ਨੇ 'ਕਲਮੇਘਸਵ ਆਸ਼ਵ ਅਰਿਸਟ' ਨਾਂਅ ਦੀ ਆਯੁਰਵੈਦਿਕ ਦਵਾਈ 50 ਵਿਅਕਤੀਆਂ ਨੂੰ ਵੇਚੀ ਸੀ। ਇੱਕ ਪਿੰਡ ਵਾਸੀ ਦੇ ਖੂਨ ਦੇ ਨਮੂਨੇ ਦੀ ਰਿਪੋਰਟ ਨੇ ਪੁਸ਼ਟੀ ਕੀਤੀ ਹੈ ਕਿ ਦਵਾਈ ਵੇਚਣ ਤੋਂ ਪਹਿਲਾਂ ਮਿਥਾਇਲ ਅਲਕੋਹਲ ਮਿਲਾਈ ਗਈ ਸੀ। ਦੁਕਾਨਦਾਰ ਸਮੇਤ ਤਿੰਨ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ।

ਚਾਰ ਕਰੋੜ ਲੋਕ ਏਡਜ਼ ਪੀੜਤ

ਨਵੀਂ ਦਿੱਲੀ : ਵਿਸ਼ਵ ਏਡਜ਼ ਦਿਵਸ ਦੇ ਮੌਕੇ 'ਤੇ ਵਿਸ਼ਵ ਸਿਹਤ ਸੰਗਠਨ (ਡਬਲਿਊ ਐੱਚ ਓ) ਨੇ ਦੱਖਣ-ਪੂਰਬੀ ਏਸ਼ੀਆ ਖੇਤਰ ਅਤੇ ਦੁਨੀਆ ਭਰ ਦੇ ਮੈਂਬਰ ਦੇਸ਼ਾਂ, ਭਾਈਵਾਲਾਂ ਅਤੇ ਭਾਈਚਾਰਿਆਂ ਨੂੰ 2030 ਤੱਕ ਏਡਜ਼ ਨੂੰ ਖਤਮ ਕਰਨ ਦੀਆਂ ਚੁਣੌਤੀਆਂ ਨਾਲ ਨਜਿੱਠਣ ਦਾ ਸੱਦਾ ਦਿੱਤਾ ਹੈ। ਇਹ ਦਿਹਾੜਾ ਦੁਨੀਆ ਭਰ 'ਚ ਪਹਿਲੀ ਦਸੰਬਰ ਨੂੰ ਮਨਾਇਆ ਜਾਂਦਾ ਹੈ। ਦੱਖਣ-ਪੂਰਬੀ ਏਸ਼ੀਆ ਲਈ ਡਬਲਿਊ ਐੱਚ ਓ ਦੀ ਖੇਤਰੀ ਨਿਰਦੇਸ਼ਕ ਡਾ. ਪੂਨਮ ਖੇਤਰਪਾਲ ਸਿੰਘ ਨੇ ਕਿਹਾ ਕਿ ਦੁਨੀਆ ਭਰ 'ਚ 3.9 ਕਰੋੜ ਲੋਕ ਐੱਚ ਆਈ ਵੀ ਪੀੜਤ ਹਨ। ਸਾਲ 2022 'ਚ 13 ਲੱਖ ਲੋਕ ਐੱਚ ਆਈ ਵੀ ਨਾਲ ਪੀੜਤ ਹੋਏ ਅਤੇ 6,30,000 ਦੀ ਮੌਤ ਏਡਜ਼ ਨਾਲ ਸੰਬੰਧਤ ਕਾਰਨਾਂ ਕਰਕੇ ਹੋਈ। ਦੱਖਣ-ਪੂਰਬੀ ਏਸ਼ੀਆ ਖੇਤਰ 'ਚ 39 ਲੱਖ ਲੋਕ ਐੱਚ ਆਈ ਵੀ ਪੀੜਤ ਹਨ, ਜੋ ਦੁਨੀਆ ਭਰ 'ਚ ਇਸ ਬਿਮਾਰੀ ਤੋਂ ਪੀੜਤ ਲੋਕਾਂ ਦਾ 10 ਫੀਸਦ ਹੈ। ਉਨ੍ਹਾ ਕਿਹਾ ਕਿ ਪਿਛਲੇ ਸਾਲ 110,000 ਵਿਅਕਤੀ ਐੱਚ ਆਈ ਵੀ ਨਾਲ ਪੀੜਤ ਹੋਏ ਅਤੇ ਖੇਤਰ 'ਚ ਏਡਜ਼ ਨਾਲ ਸੰਬੰਧਤ ਕਾਰਨਾਂ ਕਰਕੇ 85,000 ਦੀ ਮੌਤ ਹੋ ਗਈ ਸੀ।

ਸੰਡੇ ਤੱਕ ਸਸਪੈਂਸ ਬਰਕਰਾਰ

119 ਮੈਂਬਰੀ ਤਿਲੰਗਾਨਾ ਅਸੰਬਲੀ ਲਈ ਵੀਰਵਾਰ ਸ਼ਾਮ ਪੰਜ ਵਜੇ ਤੱਕ 63.94 ਫੀਸਦੀ ਵੋਟਿੰਗ ਹੋਈ ਸੀ ਤੇ ਉਦੋਂ ਤੱਕ ਬੂਥਾਂ ਦੇ ਅੰਦਰ ਵੜ ਚੁੱਕੇ ਵੋਟਰਾਂ ਨੇ ਵੋਟਾਂ ਪਾਉਣੀਆਂ ਸਨ।

ਨਵੀਂ ਦਿੱਲੀ : ਪੰਜ ਰਾਜਾਂ ਦੀਆਂ ਅਸੰਬਲੀ ਚੋਣਾਂ ਲਈ ਵੋਟਾਂ ਪਾਉਣ ਦਾ ਕੰਮ ਵੀਰਵਾਰ ਨਿੱਬੜ ਜਾਣ ਦੇ ਬਾਅਦ ਆਏ ਐਗਜ਼ਿਟ ਪੋਲਾਂ ਵਿੱਚੋਂ ਬਹੁਤਿਆਂ ਨੇ ਭਾਜਪਾ ਵੱਲੋਂ ਮੱਧ ਪ੍ਰਦੇਸ਼ ਬਚਾਅ ਲੈਣ ਤੇ ਰਾਜਸਥਾਨ 'ਤੇ ਕਬਜ਼ਾ ਕਰ ਲੈਣ ਦੀ ਗੱਲ ਕਹੀ ਹੈ। ਕਾਂਗਰਸ ਦੇ ਛੱਤੀਸਗੜ੍ਹ ਬਚਾਅ ਲੈਣ ਦੀ ਭਵਿੱਖਬਾਣੀ ਕੀਤੀ ਹੈ। ਤਿਲੰਗਾਨਾ ਵਿਚ ਕਾਂਗਰਸ ਤੇ ਬੀ ਆਰ ਐੱਸ ਵਿਚਾਲੇ ਕਾਂਟੇ ਦੀ ਟੱਕਰ ਹੈ। ਮਿਜ਼ੋਰਮ ਵਿਚ ਕਿਸੇ ਨੂੰ ਬਹੁਮਤ ਮਿਲਦਾ ਨਜ਼ਰ ਨਹੀਂ ਆ ਰਿਹਾ। ਉਂਜ ਅਸਲ ਪਤਾ 3 ਦਸੰਬਰ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਹੀ ਲੱਗੇਗਾ।

ਟਾਈਮਜ਼ ਨਾਊ ਈ ਟੀ ਜੀ ਚੈਨਲ ਮੁਤਾਬਕ ਰਾਜਸਥਾਨ, ਜਿੱਥੇ ਕਾਂਗਰਸ ਸੱਤਾ ਵਿਚ ਹੈ, 'ਚ ਭਾਜਪਾ 199 ਵਿੱਚੋਂ ਵੱਧ ਤੋਂ ਵੱਧ 110-128 ਸੀਟਾਂ ਲੈ ਜਾਵੇਗੀ ਜਦਕਿ ਟੀ ਵੀ-9 ਪੋਲ ਸਟਾਰਟ ਮੁਤਾਬਕ ਕਾਂਗਰਸ ਵੱਧ ਤੋਂ ਵੱਧ 100-110 ਸੀਟਾਂ ਲਿਜਾ ਸਕਦੀ ਹੈ। 230 ਮੈਂਬਰੀ ਮੱਧ ਪ੍ਰਦੇਸ਼ ਅਸੰਬਲੀ ਲਈ ਜੀ ਨਿਊਜ਼ ਸੀ

● ਬਾਕੀ ਸਫ਼ਾ 2 'ਤੇ

ਪੁਲਸ ਵਾਲੇ ਬਣ ਕੇ ਲਾਹੌਰ 'ਚ ਭਾਰਤੀ ਪਰਿਵਾਰ ਲੁੱਟ ਲਿਆ

ਲਾਹੌਰ : ਲਹਿੰਦੇ ਪੰਜਾਬ ਦੀ ਰਾਜਧਾਨੀ ਲਾਹੌਰ 'ਚ ਪੁਲਸ ਦੀ ਵਰਦੀ 'ਚ ਆਏ ਲੁਟੇਰਿਆਂ ਨੇ ਭਾਰਤੀ ਸਿੱਖ ਪਰਿਵਾਰ ਨੂੰ ਲੁੱਟ ਲਿਆ। ਕੰਵਲਜੀਤ ਸਿੰਘ ਅਤੇ ਉਸ ਦੇ ਪਰਿਵਾਰਕ ਮੈਂਬਰ ਭਾਰਤ ਤੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਮਨਾਏ ਜਾ ਰਹੇ ਸਮਾਗਮਾਂ 'ਚ ਹਿੱਸਾ ਲੈਣ ਆਏ ਹਨ। ਬੁੱਧਵਾਰ ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਤੋਂ ਪਰਤਣ ਤੋਂ ਬਾਅਦ ਉਹ ਖਰੀਦਦਾਰੀ ਲਈ ਲਾਹੌਰ ਦੇ ਗੁਲਬਰਗ ਇਲਾਕੇ ਦੀ ਲਿਬਰਟੀ ਮਾਰਕੀਟ ਗਏ। ਜਦੋਂ ਉਹ ਦੁਕਾਨ ਤੋਂ ਬਾਹਰ ਆਏ ਤਾਂ ਪੁਲਸ ਵਰਦੀ 'ਚ ਆਏ ਦੋ ਲੁਟੇਰਿਆਂ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਬੰਦੂਕ ਦਿਖਾ ਕੇ ਗਹਿਣਿਆਂ ਤੋਂ ਇਲਾਵਾ 2,50,000 ਭਾਰਤੀ ਰੁਪਏ ਅਤੇ 1,50,000 ਪਾਕਿਸਤਾਨੀ ਰੁਪਏ ਲੁੱਟ ਲਏ। ਘਟਨਾ ਤੋਂ ਬਾਅਦ ਵੱਡੀ ਗਿਣਤੀ 'ਚ ਲੋਕ ਉਥੇ ਇਕੱਠੇ ਹੋ ਗਏ ਅਤੇ ਉਹ ਸਿੱਖ ਪਰਿਵਾਰ ਸਮੇਤ ਸਥਾਨਕ ਥਾਣੇ ਪਹੁੰਚੇ। ਡੀ ਆਈ ਜੀ ਰੈਂਕ ਦੇ ਅਧਿਕਾਰੀ ਨੇ ਭਰੋਸਾ ਦਿਵਾਇਆ ਕਿ ਲੁਟੇਰਿਆਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ ਅਤੇ ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ। ਪੰਜਾਬ ਦੇ ਕਾਰਜਕਾਰੀ ਮੁੱਖ ਮੰਤਰੀ ਮੋਹਸਿਨ ਨਕਵੀ ਨੇ ਵੀ ਤੀਰਥ ਯਾਤਰਾ 'ਤੇ ਆਏ ਸਿੱਖ ਪਰਿਵਾਰ ਨੂੰ ਲੁੱਟਣ ਦੀ ਘਟਨਾ ਦਾ ਸਖਤ ਨੋਟਿਸ ਲਿਆ ਅਤੇ ਲਾਹੌਰ ਪੁਲਸ ਮੁਖੀ ਨੂੰ ਤੁਰੰਤ ਰਿਪੋਰਟ ਦੇਣ ਲਈ ਕਿਹਾ।

ਖੁਸ਼ਕੀ ਚੁੱਕੀ ਗਈ

ਚੰਡੀਗੜ੍ਹ : ਪੰਜਾਬ ਦੇ ਦਰਜਨ ਤੋਂ ਵੱਧ ਜ਼ਿਲ੍ਹਿਆਂ 'ਚ ਸਰਦੀਆਂ ਦਾ ਪਹਿਲਾ ਮੀਂਹ ਪਿਆ। ਚੰਡੀਗੜ੍ਹ 'ਚ ਵੀ ਜ਼ੋਰਦਾਰ ਬਾਰਸ਼ ਹੋਈ। ਕਈ ਥਾਵਾਂ 'ਤੇ ਗੜੇ ਵੀ ਪਏ। ਇਸ ਮੀਂਹ ਕਰਕੇ ਲੋਕਾਂ ਨੂੰ ਪ੍ਰਦੂਸ਼ਣ ਤੋਂ ਰਾਹਤ ਮਿਲ ਗਈ ਹੈ, ਉੱਥੇ ਹੀ ਠੰਢ ਨੇ ਵੀ ਦਸਤਕ ਦੇ ਦਿੱਤੀ ਹੈ। ਵੀਰਵਾਰ ਤੜਕੇ ਤੋਂ ਪੈ ਰਹੇ ਮੀਂਹ ਕਾਰਨ ਤਾਪਮਾਨ ਵੀ ਆਮ ਨਾਲੋਂ ਹੇਠਾਂ ਆ ਗਿਆ। ਕਈ ਥਾਵਾਂ 'ਤੇ ਸੜਕਾਂ ਪਾਣੀ 'ਚ ਡੁੱਬ ਗਈਆਂ। ਸਵੇਰੇ ਰੋਪੜ 'ਚ 38.5 ਐੱਮ ਐੱਮ, ਨਵਾਂ ਸ਼ਹਿਰ 'ਚ 21.6 ਐੱਮ ਐੱਮ, ਚੰਡੀਗੜ੍ਹ 'ਚ 16.8 ਐੱਮ ਐੱਮ, ਗੁਰਦਾਸਪੁਰ 'ਚ 14.8 ਐੱਮ ਐੱਮ, ਪਠਾਨਕੋਟ 'ਚ 10 ਐੱਮ ਐੱਮ, ਮੁਹਾਲੀ 'ਚ ਤਿੰਨ ਐੱਮ ਐੱਮ ਅਤੇ ਅੰਮ੍ਰਿਤਸਰ 'ਚ ਦੋ ਐੱਮ ਐੱਮ ਮੀਂਹ ਪਿਆ ਹੈ। ਜਲੰਧਰ ਵਿਚ ਵੀ ਠੀਕ-ਠਾਕ ਮੀਂਹ ਪੈ ਗਿਆ।

ਆਪਣਾ ਕੇਸ ਖਤਮ ਕਰਾਉਣ ਬਦਲੇ ਨਿਖਿਲ ਗੁਪਤਾ ਅਮਰੀਕਾ 'ਚ ਟਾਰਗੈਟ ਕਿਲਿੰਗ ਲਈ ਹੋਇਆ ਸੀ ਰਾਜ਼ੀ

ਨਿਊਯਾਰਕ : ਅਮਰੀਕਾ ਵਿਚ ਸੰਘੀ ਵਕੀਲਾਂ ਨੇ ਦੋਸ਼ ਲਗਾਇਆ ਹੈ ਕਿ ਉੱਥੇ ਅਮਰੀਕੀ ਨਾਗਰਿਕ (ਵੱਖਵਾਦੀ ਗੁਰਪਤਵੰਤ ਸਿੰਘ ਪਨੂੰ ਦੇ ਨਾਂਅ ਦਾ ਸਪੱਸ਼ਟ ਜ਼ਿਕਰ ਨਹੀਂ) ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਮੁਲਜ਼ਮ ਭਾਰਤੀ ਨਾਗਰਿਕ ਨੇ ਇਹ ਭਰੋਸਾ ਮਿਲਣ ਤੋਂ ਬਾਅਦ ਸਾਜ਼ਿਸ਼ ਦਾ ਹਿੱਸਾ ਹੋਣਾ ਮੰਨਿਆ ਸੀ ਕਿ ਉਸ ਖਿਲਾਫ ਗੁਜਰਾਤ ਵਿਚ ਚੱਲ ਰਿਹਾ ਅਪਰਾਧਕ ਮਾਮਲਾ ਖਤਮ ਕਰ ਦਿੱਤਾ ਜਾਵੇਗਾ।

ਅਮਰੀਕੀ ਅਦਾਲਤ 'ਚ ਜਾਰੀ ਕੀਤੇ ਇਸਤਗਾਸਾ ਪੱਖ ਦੀ ਚਾਰਜਸ਼ੀਟ ਮੁਤਾਬਕ ਨਿਖਿਲ ਗੁਪਤਾ (52) 'ਤੇ ਨਿਊਯਾਰਕ ਸਿਟੀ 'ਚ ਅਮਰੀਕੀ ਨਾਗਰਿਕ (ਪਨੂੰ) ਦੀ ਹੱਤਿਆ ਦੀ ਅਸਫਲ ਸਾਜ਼ਿਸ਼ 'ਚ ਸ਼ਾਮਲ ਹੋਣ ਦਾ ਦੋਸ਼ ਹੈ। ਇਹ ਖੁਲਾਸਾ ਨਹੀਂ ਹੋਇਆ ਹੈ ਕਿ ਕਿਸ ਅਮਰੀਕੀ ਨਾਗਰਿਕ ਦੀ ਹੱਤਿਆ ਦੀ ਸਾਜ਼ਿਸ਼ ਰਚੀ ਗਈ ਸੀ। ਫਾਈਨੈਂਸ਼ੀਅਲ ਟਾਈਮਜ਼ ਅਖਬਾਰ ਨੇ ਸੂਤਰਾਂ ਦੇ ਹਵਾਲੇ ਨਾਲ ਪਿਛਲੇ ਹਫਤੇ ਇਹ ਖਬਰ ਜਾਰੀ ਕੀਤੀ ਸੀ ਕਿ ਅਮਰੀਕੀ ਅਧਿਕਾਰੀਆਂ ਨੇ ਪਾਬੰਦੀਸ਼ੁਦਾ ਜਥੇਬੰਦੀ 'ਸਿੱਖਸ ਫਾਰ ਜਸਟਿਸ' ਦੇ ਮੁਖੀ ਗੁਰਪਤਵੰਤ ਸਿੰਘ ਪਨੂੰ ਦੀ ਹੱਤਿਆ ਦੀ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਅਤੇ ਇਸ ਸਾਜ਼ਿਸ਼ ਵਿਚ ਭਾਰਤ ਸਰਕਾਰ ਨੂੰ ਉਸ ਦੇ ਸ਼ਾਮਲ ਹੋਣ ਦੇ ਖਦਸ਼ੇ ਬਾਰੇ ਚੇਤਾਵਨੀ ਦਿੱਤੀ ਸੀ।

ਅਮਰੀਕੀ ਕੇਸ ਮੁਤਾਬਕ ਮਈ 2023 ਵਿਚ ਸੀ ਸੀ-1 (ਭਾਰਤੀ ਸਰਕਾਰੀ ਅਧਿਕਾਰੀ) ਤੇ ਗੁਪਤਾ ਵਿਚਾਲੇ ਫੋਨ 'ਤੇ ਕਈ ਵਾਰ ਗੱਲਬਾਤ ਹੋਈ। ਸੀ ਸੀ-1 ਨੇ ਗੁਪਤਾ ਨੂੰ ਵਾਅਦਾ ਕੀਤਾ ਕਿ ਜੇ ਉਹ ਕੰਮ ਕਰ ਦੇਵੇ ਤਾਂ ਉਸ ਖਿਲਾਫ ਭਾਰਤ ਵਿਚਲਾ ਕੇਸ ਰੱਦ ਕਰਵਾ ਦੇਵੇਗਾ। ਗੁਪਤਾ ਸੀ ਸੀ-1 ਨੂੰ ਨਵੀਂ ਦਿੱਲੀ ਵਿਚ ਵੀ ਮਿਲਿਆ ਸੀ। ਭਾਰਤੀ ਅਧਿਕਾਰੀ ਨੇ ਗੁਪਤਾ ਨੂੰ 6 ਮਈ 2023 ਨੂੰ ਕੀਤੇ ਫੋਨ 'ਚ ਕਿਹਾ ਸੀ ਕਿ ਉਹ ਉਸਦਾ ਫੋਨ ਸੀ ਸੀ-1 ਦੇ ਨਾਂ 'ਤੇ ਸੇਵ ਕਰ ਲਵੇ। ਗੁਪਤਾ ਨੇ ਸੀ ਸੀ-1 ਦੇ ਨਾਂ 'ਤੇ ਫੋਨ ਸੇਵ ਕਰ ਲਿਆ। ਇਸਤੋਂ ਕੁਝ ਮਿੰਟਾਂ ਬਾਅਦ ਸੀ ਸੀ-1 ਨੇ ਗੁਪਤਾ ਨੂੰ ਕਿਹਾ ਕਿ ਨਿਊਯਾਰਕ 'ਚ ਬੰਦਾ ਫੁੰਡਣਾ ਹੈ ਤੇ ਇਕ ਹੋਰ ਕੈਲੀਫੋਰਨੀਆ ਵਿਚ। 12 ਮਈ ਨੂੰ ਸੀ ਸੀ-1 ਨੇ ਗੁਪਤਾ ਨੂੰ ਕਿਹਾ ਕਿ ਉਸਦੇ ਕੇਸ ਬਾਰੇ ਗੱਲ ਹੋ ਗਈ ਹੈ ਤੇ ਗੁਜਰਾਤ ਪੁਲਸ ਉਸਨੂੰ ਨਹੀਂ ਬੁਲਾਏਗੀ। 23 ਮਈ ਨੂੰ ਫਿਰ ਫੋਨ ਕਰਕੇ ਕਿਹਾ ਕਿ ਬੌਸ ਨਾਲ ਗੱਲ ਹੋ ਗਈ ਹੈ ਤੇ

● ਬਾਕੀ ਸਫ਼ਾ 2 'ਤੇ

ਚਿੰਤਾ ਦਾ ਵਿਸ਼ਾ : ਭਾਰਤ

ਨਵੀਂ ਦਿੱਲੀ : ਭਾਰਤ ਨੇ ਵੀਰਵਾਰ ਕਿਹਾ ਕਿ ਅਮਰੀਕਾ 'ਚ ਵੱਖਵਾਦੀ ਗੁਰਪਤਵੰਤ ਸਿੰਘ ਪਨੂੰ ਨੂੰ ਮਾਰਨ ਦੀ ਸਾਜ਼ਿਸ਼ ਰਚਣ ਦੇ ਭਾਰਤੀ ਨਾਗਰਿਕ ਵਿਰੁੱਧ ਅਮਰੀਕੀ ਸੰਘੀ ਵਕੀਲਾਂ ਦਾ ਦੋਸ਼ ਚਿੰਤਾ ਦਾ ਵਿਸ਼ਾ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ-ਅਮਰੀਕੀ ਅਦਾਲਤ 'ਚ ਇਕ ਵਿਅਕਤੀ ਖਿਲਾਫ ਦਾਇਰ ਕੀਤਾ ਗਿਆ ਮਾਮਲਾ ਚਿੰਤਾ ਦਾ ਵਿਸ਼ਾ ਹੈ, ਜਿਸ 'ਚ ਉਸ ਨੂੰ ਕਥਿਤ ਤੌਰ 'ਤੇ ਭਾਰਤੀ ਅਧਿਕਾਰੀ ਨਾਲ ਜੋੜਿਆ ਗਿਆ ਹੈ। ਉਨ੍ਹਾ ਪ੍ਰੈੱਸ ਕਾਨਫਰੰਸ 'ਚ ਕਿਹਾ-ਅਸੀਂ ਕਿਹਾ ਹੈ ਤੇ ਮੈਂ ਦੁਹਰਾਉਂਦਾ ਹਾਂ ਇਹ ਭਾਰਤ ਸਰਕਾਰ ਦੀ ਨੀਤੀ ਦੇ ਉਲਟ ਹੈ।

ਭਾਰਤ ਗੰਭੀਰ ਹੋਵੇ : ਟਰੂਡੋ

ਨਵੀਂ ਦਿੱਲੀ : ਅਮਰੀਕੀ ਨਿਆਂ ਵਿਭਾਗ ਵੱਲੋਂ ਭਾਰਤੀ ਨਾਗਰਿਕ 'ਤੇ ਵੱਖਵਾਦੀ ਗੁਰਪਤਵੰਤ ਸਿੰਘ ਪਨੂੰ ਨੂੰ ਮਾਰਨ ਦੀ ਸਾਜ਼ਿਸ਼ ਦਾ ਗੰਭੀਰ ਦੋਸ਼ ਲਾਏ ਜਾਣ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਨੂੰ ਨਸੀਹਤ ਦਿੰਦਿਆਂ ਕਿਹਾ ਹੈ-

1-DEC-PAGE-1.qxd 11/30/2023 10:48 PM Page 2

ਐਨ ਸੀ ਸੀ ਕੈਂਪ 'ਚ ਕੈਡਿਟਾਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਦਿੱਤੀ ਜਾਣਕਾਰੀ

ਨਾਭਾ (ਵਰਿੰਦਰ ਵਰਮਾ)-14 ਪੰਜਾਬ ਬਟਾਲੀਅਨ ਐਨ.ਸੀ.ਸੀ. ਨਾਭਾ ਵੱਲੋਂ ਐਨ ਸੀ ਸੀ ਦਾ 10 ਰੋਜ਼ਾ ਸਲਾਨਾ ਟਰੇਨਿੰਗ ਕੈਂਪ 25 ਨਵੰਬਰ ਤੋਂ 4 ਦਸੰਬਰ ਤੱਕ ਕਮਾਂਡਿੰਗ ਅਫਸਰ ਕਰਨਲ ਅਰਵਿੰਦ ਸੂਦ ਦੀ ਅਗਵਾਈ ਵਿੱਚ ਦਿਅਯਾਨੰਦ ਪਬਲਿਕ ਸਕੂਲ, ਬੂਹੀ ਰੋਡ ਨਾਭਾ ਵਿਖੇ ਚੱਲ ਰਿਹਾ ਹੈ। ਜਿਸ ਵਿੱਚ ਵੱਖ-ਵੱਖ ਸਕੂਲਾਂ/ਕਾਲਜਾਂ ਦੇ ਲਗਭਗ 350 ਕੈਡਿਟ (ਲੜਕੇ/ਲੜਕਿਆਂ) ਹਿੱਸਾ ਲੈ ਸਿਖਲਾਈ ਪ੍ਰਾਪਤ ਕਰ ਰਹੇ ਹਨ। ਅੱਜ ਟਰੈਫਿਕ ਐਜੂਕੇਸ਼ਨ ਸੈਲ ਪਟਿਆਲਾ ਤੋਂ ਇੰਸਪੈਕਟਰ ਕਰਮਜੀਤ ਕੌਰ ਅਤੇ ਏ.ਐਸ ਆਈ ਰਾਮਸ਼ਰਣ ਵੱਲੋਂ ਕੈਂਪ ਲਗਾ ਰਹੇ ਕੈਡਿਟਾਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਤਾਂ ਜੋ ਸੜਕ ਦੁਰਘਟਨਾ ਦੇ ਸ਼ਿਕਾਰ ਹੋਣ ਤੋਂ ਬਚਿਆ ਜਾ ਸਕਦਾ ਹੈ ਅਤੇ ਆਪਣੀ ਅਤੇ ਆਪਣੇ ਨਾਲ ਚੱਲ ਰਹੇ ਰਾਹਗੀਰਾਂ ਦੀ ਜਾਨ ਬਚਾਈ ਜਾ ਸਕੇ। ਇਸ ਕੈਂਪ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕੈਡਿਟਾਂ ਨੂੰ ਅਲਫਾ, ਬਰੈਬੋ, ਚਾਰਲੀ, ਡੈਲਟਾਂ ਤੇ ਇੰਕੋ ਕੰਪਨੀਆਂ ਵਿਚ ਵੰਡ ਕੇ ਸਿਖਲਾਈ ਦਿੱਤੀ ਜਾ ਰਹੀ ਹੈ। ਇਸ ਕੈਂਪ ਦੌਰਾਨ ਕੈਡਿਟਾਂ ਨੂੰ ਮੈਪ ਰੀਡਿੰਗ, ਵੈਪਨ ਟਰੇਨਿੰਗ, ਫਾਇਰਿੰਗ, ਡਰਿੲ, ਪੀ.ਟੀ. ਅਤੇ ਹੋਰ ਸਰੀਰਕ ਗਤੀਵਿਧੀਆ ਸ਼ਾਮਲ ਹਨ। ਜਿਸ ਨਾਲ ਕੈਡਿਟਾਂ ਦਾ ਬਹੁਪੱਖੀ ਵਿਕਾਸ ਹੋਵੇਗਾ। ਕੈਂਪ ਨੂੰ ਹੋਰ ਰੌਚਕ ਬਣਾਉਣ ਲਈ ਵੱਖ ਵੱਖ ਤਰ੍ਹਾਂ ਦੇ ਇੰਟਰ ਕੰਪਨੀ ਮੁਕਾਬਲੇ ਕਰਵਾਏ ਜਾਂਦੇ ਹਨ। ਜਿਸ ਵਿੱਚ ਅੱਜ ਪੋਸਟਰ ਮੈਕਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਕੈਡਿਟਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।

ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੀ ਅਹਿਮ ਮੀਟਿੰਗ

ਧੂਰੀ (ਸੁਖਦੇਵ ਧੂਰੀ)-ਪੈਨਸ਼ਨਰ ਦਫਤਰ ਧੂਰੀ ਵਿੱਚ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਰਜਿ ਧੂਰੀ ਦੀ ਅਹਿਮ ਮੀਟਿੰਗ ਜਸਦੇਵ ਸਿੰਘ ਐਕਟਿੰਗ ਪ੍ਰਧਾਨ, ਜਰਨਲ ਸਕੱਤਰ ਡਾ. ਅਮਰਜੀਤ ਸਿੰਘ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਉਨ੍ਹਾਂ ਦੱਸਿਆ ਕਿ 17 ਦਸੰਬਰ ਨੂੰ ਮੰਗਲਾ ਆਸ਼ਰਮ ਗਊਸ਼ਾਲਾ ਧੂਰੀ ਵਿਖੇ ਜਾਵੇਗਾ। ਇਸ ਸਮਾਗਮ ਦੀ ਤਿਆਰੀ ਸਬੰਧੀ ਡਿਊਟੀਆਂ ਲਗਾ ਦਿੰਤੀਆ ਗਈਆਂ ਹਨ। ਸਮੂਹ ਪੈਨਸ਼ਨਰਜ਼ ਸਾਥੀਆਂ ਨੂੰ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ। ਉਨ੍ਹਾਂ ਅੱਗੇ ਦੱਸਿਆ ਕਿ 50 ਦੇ ਕਰੀਬ 75 ਸਾਲ ਪੂਰੀ ਕਰ ਚੁੱਕੇ ਪੈਨਸ਼ਨਰਜ਼ ਨੂੰ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਸਰਕਾਰ ਤੋਂ ਮੰਗ ਕੀਤੀ ਜਾਵੇਗੀ ਕਿ ਤਨਖਾਹ ਕਮਿਸ਼ਨ ਦਾ ਬਕਾਇਆ ਇਕ ਕਿਸ਼ਤ ਵਿਚ ਦਿੱਤਾ ਜਾਵੇ। ਪੈਨਸ਼ਨ 2:59 ਦੇ ਫੈਕਟਰ ਅਨੁਸਾਰ ਸੋਧ ਕੇ ਦਿੱਤੀ ਜਾਵੇ। ਮੈਡੀਕਲ ਭੱਤਾ 2000 ਰੁਪਏ ਦਿੱਤਾ ਜਾਵੇ। ਕੈਸ਼ਲੈਸ ਸਕੀਮ ਸੋਧ ਕੇ ਬਹਾਲ ਕੀਤੀ ਜਾਵੇ। ਹਾਈਕੋਰਟ ਦੇ ਫੈਸਲੇ ਜਰਨਲਾਈਜ਼ ਕਰਨ ਉਪਰੰਤ ਲਾਗੂ ਕੀਤੇ ਜਾਣ। ਇਸ ਮੌਕੇ ਹੰਸ ਰਾਜ ਗਰਗ, ਰਮੇਸ਼ ਸ਼ਰਮਾ, ਗੁਰਮੀਤ ਸਿੰਘ, ਚਰਨਜੀਤ ਸਿੰਘ ਕੈਂਥ, ਕਰਮ ਸਿੰਘ, ਮੂਲ ਚੰਦ ਸ਼ਰਮਾ, ਸ਼ਿਆਮ ਸਿੰਘ ਮੂਲੋਵਾਲ, ਨੌਰੰਗ ਸਿੰਘ, ਸੀਤਾ ਸਿੰਘ, ਰਲਾ ਸਿੰਘ, ਰਾਮ ਸਰੂਪ, ਆਤਮਾ ਸਿੰਘ, ਡਾਕਟਰ ਸਾਹਿਬ, ਇੰਦਰਜੀਤ ਸ਼ਰਮਾ ਅਤੇ ਹੋਰ ਮੈਂਬਰ ਹਾਜ਼ਰ ਸਨ।

ਬਲੌਜ਼ਮਜ਼ ਕਾਨਵੈਂਟ ਸਕੂਲ ਮੋਹਰੀ ਸਕੂਲ ਵਜੋਂ ਸਨਮਾਨਤ

ਜਗਰਾਉਂ (ਅਮਿਤ ਖੰਨਾ)-ਬਲੌਜ਼ਮਜ਼ ਕਾਨਵੈਂਟ ਸਕੂਲ ਜੋ ਕਿ ਇਲਾਕੇ ਦੀ ਨਾਮਵਰ ਸੰਸਥਾ ਹੈ। ਚੰਡੀਗੜ੍ਹ ਯੂਨੀਵਰਸਿਟੀ ਵਿਖੇ ਹੋਏ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ ਪੰਜਾਬ ਦੇ ਸਮਾਗਮ ਦੌਰਾਨ ਪੜ੍ਹਾਈ ਵਿੱਚ ਮਾਰੀਆਂ ਮੱਲਾਂ, ਇੱਥੋਂ ਪੜ੍ਹ ਚੁੱਕੇ ਵਿਦਿਆਰਥੀਆਂ ਦਾ ਉਚ ਮੁਕਾਮਾਂ ਤੇ ਪਹੁੰਚਣਾ ਇਸ ਦੇ ਨਾਲ ਹੀ ਖੇਡ ਗਤੀਵਿਧੀਆਂ ਵਿੱਚ ਨੈਸ਼ਨਲ ਲੈਵਲ ਤੱਕ ਪਹੁੰਚ ਕੇ ਨਾਮਣਾ ਖੱਟਣਾ ਭਾਵ ਹਰ ਇੱਕ ਖੇਤਰ ਵਿੱਚ ਮੋਹਰੀ ਰਹਿਣ ਕਰਕੇ ਇਲਾਕੇ ਹੀ ਨਹੀਂ ਪੂਰੇ ਭਾਰਤ ਆਪਣਾ ਨਾਂ ਬਣਾਉਣ ਵਾਲੀ ਸੰਸਥਾ ਨੂੰ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦੇ ਨਾਲ ਹੀ ਸਕੂਲ ਪ੍ਰਿੰਸੀਪਲ ਡਾ. ਅਮਰਜੀਤ ਕੌਰ ਨਾਜ ਨੂੰ ਵੀ ਖਾਸ ਤੌਰ 'ਤੇ ਸਨਮਾਨਤ ਕੀਤਾ ਗਿਆ ਕਿਉਂਕਿ ਉਨ੍ਹਾਂ ਦੀ ਰਹਿਨੁਮਾਈ ਹੇਠ ਸਕੂਲ ਦਾ ਸਟਾਫ, ਵਿਦਿਆਰਥੀਆਂ ਲਈ ਅਣਥੱਕ ਮਿਹਨਤ ਕਰ ਰਿਹਾ ਹੈ। ਜਿਸ ਦੇ ਨਤੀਜਿਆਂ ਕਰਕੇ ਅੱਜ ਸਕੂਲ ਮੋਹਰਲੀ ਕਤਾਰ ਵਿੱਚ ਖੜ੍ਹਾ ਹੈ। ਡਾ.ਨਾਜ ਨੇ ਦੱਸਿਆ ਕਿ ਮੇਰਾ ਮਿਹਨਤੀ ਸਟਾਫ ਵਿਦਿਆਰਥੀਆਂ ਉੱਤੇ ਦਿਨ ਰਾਤ ਕੰਮ ਕਰ ਰਿਹਾ ਹੈ ਤਾਂ ਜੋ ਉਨ੍ਹਾਂ ਦੇ ਬੱਚਿਆਂ ਦੇ ਮਾਪਿਆਂ ਦੇ ਦੇਖੇ ਹੋਏ ਸੁਪਨੇ ਅਸੀਂ ਪੂਰੇ ਕਰ ਸਕੀਏ। ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਵੀ ਕਿਹਾ ਕਿ ਮਿਹਨਤ ਨਾਲ ਪ੍ਰਾਪਤ ਕੀਤੇ ਇਨ੍ਹਾਂ ਐਵਾਰਡਾਂ ਦੀ ਖੁਸ਼ੀ ਸ਼ਬਦੀਂ ਬਿਆਨ ਨਹੀਂ ਕੀਤੀ ਜਾ ਸਕਦੀ।

ਗੁਰੂ ਤੇਗ ਬਹਾਦਰ ਸਕੂਲ 'ਚ ਸ੍ਰੀ ਸਹਿਜ ਪਾਠ ਸੰਪੂਰਨਤਾ ਸਮਾਗਮ

ਦਿੜ੍ਹਬਾ (ਜਸਵੀਰ ਲਾਡੀ)-ਥੋੜ੍ਹੀ ਦੂਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਵਿਖੇ ਸ੍ਰੀ ਸਹਿਜ ਪਾਠ ਸੰਪੂਰਨਤਾ ਸਮਾਗਮ ਕੀਤਾ ਗਿਆ । ਜਿਸ ਵਿੱਚ ਬੱਚਿਆਂ ਨੇ ਸਹਿਜ ਪਾਠ ਦੇ ਭੋਗ ਪਾਉਣ ਉਪਰੰਤ ਭਾਈ ਰਾਜਪਾਲ ਸਿੰਘ ਨੇ ਸਹਿਜ ਪਾਠ 'ਤੇ ਵਿਚਾਰਾਂ ਕੀਤੀਆਂ ਅਤੇ ਬੱਚਿਆਂ ਨੂੰ ਜੀਵਨ ਜਾਚ ਬਾਰੇ ਜਾਣਕਾਰੀ ਦਿੰਦਿਆਂ ਗੁਰਮਤਿ ਢੰਗ ਨਾਲ ਜੀਵਨ ਬਤੀਤ ਕਰਨ ਲਈ ਪ੍ਰੇਰਿਆ। ਜਿਨ੍ਹਾਂ ਬੱਚਿਆਂ ਨੇ ਖੇਡਾਂ ਵਿੱਚ ਪੁਜੀਸ਼ਨਾਂ ਲਈਆਂ ਉਨ੍ਹਾਂ ਨੂੰ ਜਥੇਦਾਰ ਤੇਜਾ ਸਿੰਘ ਕਮਾਲਪੁਰ, ਭਾਈ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਲੋਕਲ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਨੇਕ ਸਿੰਘ ਪੂੰਨੀਆਂ, ਪਰਮਜੀਤ ਸਿੰਘ ਨੰਬਰਦਾਰ, ਰਾਜਾ ਸਿੰਘ ਸਹਾਰਨਾ, ਆਸਾ ਸਿੰਘ, ਮਨਪ੍ਰੀਤ ਸਿੰਘ ਮੈਨੇਜਰ, ਗੁਰਦੁਆਰਾ ਚੂਲੇ ਬਾਬਾ ਆਲਾ ਸਿੰਘ, ਮਹੰਤ ਅੰਮ੍ਰਿਤ ਬਣ, ਉਪਿੰਦਰ ਸਿੰਘ ਹਨੀ, ਅਮਰਜੀਤ ਸਿੰਘ ਸਹਾਰਨ (ਕਨੇਡਾ) ਨਿਰਮਲ ਸਿੰਘ ਸਹਾਰਨ, ਸਿਰੀਰਾਮ ਸਿੰਘ, ਦਰਬਾਰਾ ਸਿੰਘ ਛਾਹੜ, ਤੀਰਥ ਸਿੰਘ ਚੱਠਾ, ਹੁਸ਼ਿਆਰ ਸਿੰਘ ਚੱਠਾ, ਭਰਪੂਰ ਸਿੰਘ ਕਾਹਲ, ਹਰਦੀਪ ਸਿੰਘ ਧਾਲੀਵਾਲ, ਸੰਸਾਰ ਸਿੰਘ ਬੋਲਾ, ਹਰੇਰਾਮ ਸਿੰਘ ਧਾਲੀਵਾਲ, ਯਾਦਵਿੰਦਰ ਸਿੰਘ ਨੀਲੋਵਾਲ, ਕਰਮ ਸਿੰਘ, ਗੁਰਦੀਪ ਸਿੰਘ ਨੇ ਸ਼ਮੂਲੀਅਤ ਕੀਤੀ। ਸਕੂਲ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਤੇ ਸਮੂਹ ਸਟਾਫ ਨੇ ਬੱਚਿਆਂ ਨੂੰ ਸਹਿਜ ਪਾਠ ਦੀ ਸੰਪੂਰਨਤਾ ਲਈ ਵਧਾਈ ਦਿੱਤੀ।

ਸਲਾਈਟ 'ਚ ਤਕਨੀਕੀ ਜਾਣਕਾਰੀ ਦੇ ਆਦਾਨ ਪਦਾਨ ਤੇ ਸਮਰਥਾ ਬਣਾਉਣ 'ਤੇ ਵਰਕਸ਼ਾਪ ਸ਼ੁਰੂ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਅਤੇ ਤਕਨਾਲੋਜੀ (ਡੀਮਡ ਯੂਨੀਵਰਸਿਟੀ) ਵਿਖੇ ਇਲੈਕਟਰੀਕਲ ਅਤੇ ਇੰਸਟਰੂਮੈਂਟਸ ਵਿਭਾਗ ਵੱਲੋਂ ਵਿਭਾਗ ਦੀ ਮੁਖੀ ਡਾਕਟਰ ਸੁਰੀਤਾ ਮੈਣੀ ਦੀ ਅਗਵਾਈ ਅਤੇ ਪ੍ਰੋਗਰਾਮ ਦੇ ਕੋਆਰਡੀਨੇਟਰ ਡਾਕਟਰ ਅਸ਼ਵਨੀ ਅਗਰਵਾਲ ਦੀ ਦੇਖ ਰੇਖ ਵਿੱਚ ਵਰਕਸ਼ਾਪ ਦਾ ਆਯੋਜਨ ਸ਼ੁਰੂ ਹੋਇਆ।

ਇਸ ਮੌਕੇ ਸੰਸਥਾ ਦੇ ਡਾਇਰੈਕਟਰ ਡਾਕਟਰ ਮਣੀਕਾਂਤ ਪਾਸਵਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਉਨ੍ਹਾਂ ਯੂ ਏ ਵੀ ਤਕਨੀਕਾਂ ਰਾਹੀਂ ਸਾਊਥ ਅਤੇ ਸਾਊਥ ਏਸ਼ੀਅਨ ਖਿੱਤੇ ਦੀਆਂ ਖੇਤੀ ਤਕਨੀਕਾਂ ਦੀ ਜਾਣਕਾਰੀ ਦੇ ਆਦਾਨ ਪ੍ਰਦਾਨ ਅਤੇ ਸਮਰੱਥਾ ਪੈਦਾ ਕਰਨ ਵਿਸ਼ੇ 'ਤੇ ਵਰਕਸ਼ਾਪ ਨੂੰ ਕਿਸਾਨੀ ਅਤੇ ਏਸ਼ੀਅਨ ਮੁਲਕਾਂ ਲਈ ਬੇਹੱਦ ਲਾਹੇਵੰਦ ਦੱਸਿਆ। ਉਨ੍ਹਾਂ ਕਿਹਾ ਕਿ ਅਜਿਹੀਆਂ ਵਰਕਸ਼ਾਪਾਂ ਦਾ ਆਯੋਜਨ ਖੇਤੀ ਨਾਲ ਜੁੜੀਆਂ ਤਕਨੀਕਾਂ ਅਤੇ ਕਿੱਤੇ ਦੇ ਵਿਕਾਸ ਵਿੱਚ ਨਵੀਆਂ ਮੱਲਾਂ ਮਾਰਨ ਦੇ ਸਮੱਰਥ ਹੈ। ਡਾਕਟਰ ਅਸ਼ਵਨੀ ਅਗਰਵਾਲ ਨੇ ਜਪਾਨ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਪੋਫੈਸਰ ਰਾਮ ਅਵਤਾਰ, ਡਾਇਰੈਕਟਰ ਗਲੋਬਲ ਲੈਂਡ ਪੋਗਰਾਮ, ਜਪਾਨ ਅਤੇ ਉਨ੍ਹਾਂ ਦੀ ਮਾਹਰ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਡੀਨ (ਅਕਾਦਮਿਕ) ਡਾਕਟਰ ਜੇ ਐਸ ਢਿੱਲੋਂ, ਡੀਨ (ਖੋਜ) ਡਾਕਟਰ ਸੁਰਿੰਦਰ ਸਿੰਘ ਤੋਂ ਇਲਾਵਾ ਖੋਜ ਨਾਲ ਜੁੜੇ ਵਿਦਿਆਰਥੀ ਅਤੇ ਅਧਿਆਪਕ ਹਾਜ਼ਰ ਸਨ।

ਅੰਤਰਰਾਸ਼ਟਰੀ ਵਪਾਰ ਮੇਲੇ 'ਚ ਪੰਜਾਬ ਪੈਵੇਲੀਅਨ ਨੇ ਜਿੱਤਿਆ ਗੋਲਡ ਮੈਡਲ

ਚੰਡੀਗੜ੍ਹ (ਗੁਰਜੀਤ ਬਿੱਲਾ)

'ਪੰਜਾਬ ਪੈਵੇਲੀਅਨ' ਨੇ ਸੋਮਵਾਰ ਸ਼ਾਮ ਨੂੰ ਸਮਾਪਤ ਹੋਏ 42ਵੇਂ ਭਾਰਤ ਅੰਤਰਰਾਸ਼ਟਰੀ ਵਪਾਰ ਮੇਲੇ 2023 ਵਿਖੇ ਸਵੱਛ ਪਵੇਲੀਅਨ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਗੋਲਡ ਮੈਡਲ ਜਿੱਤਿਆ ਹੈ। ਇੰਡੀਆ ਇੰਟਰਨੈਸ਼ਨਲ ਟਰੇਡ ਫੇਅਰ (ਆਈ.ਆਈ.ਟੀ.ਐਫ.) ਨਵੀਂ ਦਿੱਲੀ ਦਾ 42ਵਾਂ ਐਡੀਸ਼ਨ 14 ਤੋਂ 27 ਨਵੰਬਰ ਤੱਕ ਆਯੋਜਿਤ ਕੀਤਾ ਗਿਆ ਸੀ ਜਿਸ ਦੀ ਥੀਮ 'ਵਸੁਦੇਵ ਕੁਟੁੰਬਕਮ-ਵਪਾਰ ਦੁਆਰਾ ਸੰਯੁਕਤ' ਸੀ। ਪੰਜਾਬ ਪਵੇਲੀਅਨ ਦੇ ਪ੍ਰਸ਼ਾਸਕ ਦਵਿੰਦਰਪਾਲ ਸਿੰਘ ਅਤੇ ਉਪ ਪ੍ਰਸ਼ਾਸਕ ਗੁਰਪ੍ਰੀਤ ਸਿੰਘ ਅਤੇ ਹੋਰ ਅਧਿਕਾਰੀਆਂ ਨੇ ਪ੍ਰਦੀਪ ਸਿੰਘ ਖਰੋਲਾ, ਚੇਅਰਮੈਨ ਤੇ ਪ੍ਰਬੰਧਕ ਨਿਰਦੇਸ਼ਕ ਆਈ.ਟੀ.ਪੀ.ਓ ਅਤੇ ਰਜਤ ਅਗਰਵਾਲ, ਕਾਰਜਕਾਰੀ ਨਿਰਦੇਸ਼ਕ ਆਈ ਟੀ ਪੀ ਓ ਤੋਂ ਐਵਾਰਡ ਪ੍ਰਾਪਤ ਕੀਤਾ। ਦਵਿੰਦਰਪਾਲ ਸਿੰਘ ਨੇ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਅਜਿਹੇ ਸਮਾਗਮ 'ਚ ਇਹ ਸੋਨ ਤਗਮਾ ਜਿੱਤਣਾ ਸੂਬੇ ਲਈ ਮਾਣ ਵਾਲੀ ਗੱਲ ਹੈ। ਪੰਜਾਬ ਪੈਵੇਲੀਅਨ ਜਿੱਥੇ ਮਾਰਕਫੈੱਡ, ਵੇਰਕਾ, ਪੀ.ਐਸ.ਆਈ.ਈ.ਸੀ., ਇਨਵੈਸਟ ਪੰਜਾਬ, ਐਨ.ਆਈ.ਐਫ.ਟੀ., ਪੰਜਾਬ ਟੂਰਿਜ਼ਮ, ਗਡਵਾਸੂ, ਪੁੱਡਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਵਿਗਿਆਨ, ਤਕਨਾਲੋਜੀ ਅਤੇ ਵਾਤਾਵਰਣ ਵਿਭਾਗ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਸਮੇਤ ਵੱਖ-ਵੱਖ ਵਿਭਾਗਾਂ ਅਤੇ ਸੰਸਥਾਵਾਂ ਦੇ ਸਟਾਲ ਰਾਜ ਦੇ ਸੱਭਿਆਚਾਰ, ਵਿਰਾਸਤ ਅਤੇ ਦਸਤਕਾਰੀ, ਉਦਯੋਗਿਕ ਵਿਕਾਸ ਅਤੇ ਖੇਤੀ ਕਾਢਾਂ ਨੂੰ ਦਰਸਾਉਣ ਲਈ ਲਗਾਏ ਗਏ ਸਨ, ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ।

ਉਪ ਪ੍ਰਸ਼ਾਸਕ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਪਵੇਲੀਅਨ ਦਾ ਆਯੋਜਨ ਦਲਵੀਰ ਸਿੰਘ ਚੇਅਰਮੈਨ ਪੀ ਐਸ ਆਈ ਈ ਸੀ, ਤੇਜਵੀਰ ਸਿੰਘ ਪ੍ਰਮੁੱਖ ਸਕੱਤਰ (ਉਦਯੋਗ ਅਤੇ ਵਣਜ), ਡੀ ਪੀ ਐਸ ਖਰਬੰਦਾ ਸੀ ਈ ਓ ਇਨਵੈਸਟ ਪੰਜਾਬ ਅਤੇ ਡਾਇਰੈਕਟਰ ਇੰਡਸਟਰੀਜ਼, ਬਲਦੀਪ ਕੌਰ ਮੈਨੇਜਿੰਗ ਡਾਇਰੈਕਟਰ ਪੀ.ਐਸ.ਆਈ.ਈ.ਸੀ ਅਤੇ ਰੁਬਿੰਦਰਜੀਤ ਸਿੰਘ ਬਰਾੜ ਐਡੀਸ਼ਨਲ ਮੈਨੇਜਿੰਗ ਡਾਇਰੈਕਟਰ ਪੀ.ਐਸ.ਆਈ.ਈ.ਸੀ. ਦੀ ਅਗਵਾਈ ਹੇਠ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਟਾਲਾਂ 'ਤੇ ਤਾਇਨਾਤ ਅਧਿਕਾਰੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀਆਂ ਵੱਖ-ਵੱਖ ਪ੍ਰਗਤੀਸ਼ੀਲ ਅਤੇ ਲੋਕ 'ਤੇ ਉਦਯੋਗ ਪੱਖੀ, ਪਹਿਲਕਦਮੀਆਂ ਬਾਰੇ ਦਰਸ਼ਕਾਂ ਨੂੰ ਜਾਣੂ ਕਰਵਾਇਆ।

ਲੋੜਵੰਦਾਂ ਦੀ ਸੇਵਾ ਲਈ ਐੱਨ ਆਰ ਆਈ ਨਿੱਝਰ ਵੱਲੋਂ ਧੂਰੀ ਇਲਾਕੇ 'ਚ ਕਰਵਾਇਆ ਜਾ ਰਿਹਾ ਸਰਵੇ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਐਨ.ਆਰ.ਆਈ. ਸੁਰਿੰਦਰ ਸਿੰਘ ਨਿੱਝਰ ਵੱਲੋਂ ਆਪਣੇ ਨਿੱਜੀ ਖਰਚ 'ਤੇ ਮਾਰਚ ਮਹੀਨੇ ਵਿੱਚ ਇੱਕ ਵਿਸ਼ਾਲ ਕੈਂਪ ਲਗਵਾ ਕੇ ਜਿੱਥੇ ਇਲਾਕੇ ਦੇ ਸੈਂਕੜੇ ਲੋਕਾਂ ਦੇ ਅੱਖਾਂ ਦੇ ਆਪ੍ਰੇਸ਼ਨ ਮੁਫਤ ਕਰਵਾਏ ਜਾਣਗੇ, ਉੱਥੇ ਹੀ ਪਿੰਡਾਂ ਵਿੱਚ ਲੋੜਵੰਦਾਂ ਦਾ ਸਰਵੇ ਕਰਕੇ ਉਨ੍ਹਾਂ ਨੂੰ ਟ੍ਰਾਈਸਾਈਕਲ, ਸਿਲਾਈ ਮਸ਼ੀਨਾਂ ਅਤੇ ਉੱਚਾ ਸੁਣਨ ਵਾਲੀਆਂ ਕੰਨਾਂ ਦੀਆਂ ਮਸ਼ੀਨਾਂ ਵੀ ਇਸ ਕੈਂਪ ਵਿੱਚ ਮੁਫਤ ਵੰਡੀਆਂ ਜਾਣਗੀਆਂ। ਇੰਗਲੈਂਡ ਦੇ ਬਰਮਿੰਘਮ ਸ਼ਹਿਰ ਵਿੱਚ ਰਹਿਣ ਵਾਲੇ ਸੁਰਿੰਦਰ ਸਿੰਘ ਨਿੱਝਰ ਨੇ ਅੱਜ ਧੂਰੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੀਸਲ ਫੈਮਲੀ ਯੂ.ਕੇ. ਵੱਲੋਂ ਹੁਣ ਤੱਕ ਸ੍ਰੀ ਦਰਬਾਰ ਸਾਹਿਬ ਵਿਖੇ 2005 ਵਿੱਚ ਸ਼ਰਧਾਲੂਆਂ ਲਈ ਪਖਾਨੇ ਬਣਾ ਕੇ ਉਸ ਦੀ ਲਗਾਤਾਰ ਸਾਂਭ-ਸੰਭਾਲ ਕੀਤੀ ਜਾ ਰਹੀ ਹੈ, ਹਲਕਾ ਸਨੌਰ ਵਿਖੇ ਪੰਜਾਬ ਦੇ ਇੱਕ ਸਰਕਾਰੀ ਸਕੂਲ ਵਿੱਚ 18 ਦੇ ਕਰੀਬ ਏ.ਸੀ. ਲਗਵਾ ਕੇ ਸਕੂਲ ਨੂੰ ਮੁਕੰਮਲ ਤੌਰ 'ਤੇ ਏ.ਸੀ. ਬਣਾ ਦਿੱਤਾ ਗਿਆ ਹੈ, ਅਨੇਕਾਂ ਕੁਸ਼ਟ ਆਸ਼ਰਮਾਂ ਵਿੱਚ ਅਨਾਜ ਵੀ ਭੇਜਿਆ ਜਾ ਰਿਹਾ ਹੈ ਅਤੇ 300 ਦੇ ਕਰੀਬ ਏ.ਸੀ. ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਜੋ ਕਿ ਵੱਖ-ਵੱਖ ਸਰਕਾਰੀ ਸਕੂਲਾਂ

1-Dec-PAGE-3.qxd 11/30/2023 11:08 PM Page 1

ਭੋਮਾ ਵਿਖੇ ਲੱਗਣ ਵਾਲੀ ਮੀਟ ਫੈਕਟਰੀ ਦਾ ਪੰਚਾਇਤਾਂ ਤੇ ਕਿਸਾਨ ਜਥੇਬੰਦੀਆਂ ਨੇ ਕੀਤਾ ਵਿਰੋਧ

ਮਜੀਠਾ (ਸੋਇਮ ਆਨੰਦ)

ਪਿੰਡ ਭੋਮਾ ਵਿਖੇ ਲੱਗਣ ਵਾਲੀ ਕਥਿਤ ਤੌਰ 'ਤੇ ਮੀਟ ਫੈਕਟਰੀ ਦਾ ਪਿੰਡ ਭੋਮਾ, ਵਡਾਲਾ, ਵੀਰਮ, ਧਰਮਪੁਰਾ, ਹਮਜਾ, ਅਠਵਾਲ, ਬੁਰਜ ਨੋ ਆਬਾਦ ਆਦਿ ਪਿੰਡਾਂ ਦੀਆਂ ਗਰਾਮ ਪੰਚਾਇਤਾਂ, ਪਿੰਡਾਂ ਦੇ ਮੋਹਤਬਰਾਂ ਅਤੇ ਕਿਸਾਨ ਆਗੂਆਂ ਨੇ ਵਿਰੋਧ ਕੀਤਾ। ਇਨ੍ਹਾਂ ਸਭਨਾ ਦਾ ਕਹਿਣਾ ਹੈ ਕਿ ਇਹ ਫੈਕਟਰੀ ਲੱਗਣ ਨਾਲ ਸਾਰਾ ਵਾਤਾਵਰਣ ਖਰਾਬ ਹੋ ਜਾਵੇਗਾ, ਕਿਉਂਕਿ ਇਸ ਮੀਟ ਫੈਕਟਰੀ ਲੱਗਣ ਨਾਲ ਇਸ ਵਿਚ ਜਾਨਵਰਾਂ ਦਾ ਲਹੂ ਅਤੇ ਵਧਿਆ ਘਟਿਆ ਮਾਸ ਧਰਤੀ ਹੇਠਾਂ ਮਿਲਾਇਆ ਜਾਵੇਗਾ ਜਿਸ ਨਾਲ ਧਰਤੀ ਹੇਠਲੇ ਪਾਣੀ ਵਿੱਚ ਜ਼ਹਿਰੀਲੀਆਂ ਗੈਸਾਂ ਬਨਣਗੀਆਂ ਜਿਹੜੀਆਂ ਕਿ ਮਨੁੱਖੀ ਸਿਹਤ ਵਾਸਤੇ ਘਾਤਕ ਸਾਬਤ ਹੋਣਗੀਆਂ। ਮਿੱਟੀ ਦੀ ਸਤ੍ਹਾ ਖਰਾਬ ਹੋ ਜਾਵੇਗੀ ਫਸਲਾਂ ਦੀ ਉਪਜਾਊ ਸ਼ਕਤੀ ਪ੍ਰਭਾਵਿਤ ਹੋਵੇਗੀ। ਇਸ ਨਾਲ ਹੀ ਕਿਸਾਨਾਂ ਦੀਆਂ ਜ਼ਮੀਨਾਂ ਦੇ ਭਾਅ ਵੀ ਡਿੱਗ ਪੈਣਗੇ। ਕਿਸਾਨ ਆਪਣੀਆਂ ਉਪਜਾਊ ਜ਼ਮੀਨਾਂ ਕੌਡੀਆਂ ਦੇ ਭਾਅ ਵੇਚਣ ਲਈ ਮਜ਼ਬੂਰ ਹੋ ਜਾਣਗੇ। ਇਸ ਕਰਕੇ ਪ੍ਰਭਾਵਿਤ ਸਮੂਹ ਪਿੰਡਾਂ ਦੀਆਂ ਗਰਾਮ ਪੰਚਾਇਤਾਂ ਅਤੇ ਮੋਹਤਬਰਾਂ ਵੱਲੋਂ ਸਰਬ ਸੰਮਤੀ ਨਾਲ ਮਤੇ ਪਾਸ ਕਰਕੇ ਸਿਵਲ ਅਤੇ ਪੁਲਸ ਪ੍ਰਸ਼ਾਸ਼ਨ ਨੂੰ ਦਿੱਤੇ ਹਨ ਅਤੇ ਕਿਹਾ ਹੈ ਕਿ ਜਲਦੀ ਤੋਂ ਜਲਦੀ ਇਹ ਫੈਕਟਰੀ ਬਨਣ ਤੋਂ ਰੋਕਿਆ ਜਾਵੇ। ਪਿੰਡਾਂ ਦੀਆਂ ਗਰਾਮ ਪੰਚਾਇਤਾਂ ਅਤੇ ਕਿਸਾਨ ਜਥੇਬੰਦੀਆਂ ਦੇ ਵਫਦ ਨੇ ਡੀ ਐਸ ਪੀ ਮਜੀਠਾ ਕੰਵਲਪ੍ਰੀਤ ਸਿੰਘ ਨੂੰ ਮੰਗ ਪੱਤਰ ਦੇ ਕੇ ਇਸ ਫੈਕਟਰੀ ਦੇ ਨਿਰਮਾਣ ਨੂੰ ਜਲਦੀ ਤੋਂ ਜਲਦੀ ਰੋਕਣ ਦੀ ਮੰਗ ਕੀਤੀ। ਇਸ

ਸੰਬੰਧੀ ਫੈਕਟਰੀ ਮਾਲਕ ਕੁੰਜਸ਼ ਰਾਏ ਨਾਲ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਇਹ ਜਗ੍ਹਾ ਜੋ ਪਿੰਡ ਭੋਮਾ ਦੀ ਹੈ ਉਥੇ ਸਾਡੇ ਵੱਲੋਂ ਫੀਡ ਦੀ ਫੈਕਟਰੀ ਲਗਾਈ ਜਾ ਰਹੀ ਹੈ ਉਨ੍ਹਾਂ ਕਿਹਾ ਕਿ ਲਾਗਲੇ ਪਿੰਡਾ ਵਾਲਿਆਂ ਨੂੰ ਗੁੰਮਰਾਹ ਕੀਤਾ ਕਿ ਇੱਥੇ ਮੀਟ ਦੀ ਫੈਕਟਰੀ ਲੱਗਣੀ ਹੈ, ਪਰ ਉਨ੍ਹਾਂ ਕਿਹਾ ਕਿ ਮੇਰੇ ਕੋਲ ਸਿਰਫ ਇਸ ਜਗ੍ਹਾ 'ਤੇ ਫੀਡ ਦੀ ਫੈਕਟਰੀ ਲਗਾਉਣ ਦੀ ਇਜਾਜ਼ਤ ਹੈ ਨਾ ਕਿ ਮੀਟ ਦੀ। ਇਸ ਮੌਕੇ ਕਿਸਾਨ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਨੇ ਪ੍ਰਸ਼ਾਸ਼ਨ ਨੂੰ ਚਿਤਾਵਨੀ ਦਿੱਤੀ ਕਿ ਅਗਰ ਫੈਕਟਰੀ ਦਾ ਨਿਰਮਾਣ ਬੰਦ ਨਾ ਹੋਇਆ ਤਾਂ ਜਥੇਬੰਦੀ ਇਸ ਜਗ੍ਹਾ 'ਤੇ ਪੱਕਾ ਮੋਰਚਾ ਲਗਾਵੇਗੀ। ਇਸ ਮੌਕੇ ਸਰਪੰਚ ਗੁਰਨੇਕ ਸਿੰਘ ਸਰਪੰਚ ਭੋਮਾ, ਸਰਪੰਚ ਦੁਰਗਾ ਦਾਸ ਧਰਮਪੁਰਾ, ਸਾਬਕਾ ਸਰਪੰਚ ਰਣਜੀਤ ਸਿੰਘ ਭੋਮਾ, ਸਾਬਕਾ ਸਰਪੰਚ ਸੁਖਚੈਨ ਸਿੰਘ ਭੋਮਾ, ਗੁਰਦੀਪ ਸਿੰਘ ਭੋਮਾ, ਪੰਚ ਰਣਜੋਧ ਸਿੰਘ, ਸੁਖਵਿੰਦਰ ਸਿੰਘ, ਜ਼ਸਪਾਲ ਕੌਰ, ਗੁਰਮੀਤ ਕੌਰ, ਸੁਰਜੀਤ ਸਿੰਘ, ਸੁੱਚਾ ਸਿੰਘ, ਹਰਦੇਵ ਸਿੰਘ, ਸੁਖਜਿੰਦਰ ਸਿੰਘ, ਅਜੀਤ ਸਿੰਘ ਸਾਰੇ ਪੰਚ, ਸਰਵਨ ਸਿੰਘ ਵੀਰਮ, ਮਾ. ਮਨਜੀਤ ਸਿੰਘ ਭੋਮਾ, ਭਗਵੰਤ ਸਿੰਘ, ਪ੍ਰਗਟ ਸਿੰਘ ਭੋਮਾ, ਜੱਗੀ ਭੋਮਾ, ਮਲਕੀਤ ਸਿੰਘ ਵਡਾਲਾ ਕਿਸਾਨ ਆਗੂ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ, ਹਰਜਿੰਦਰ ਸਿੰਘ ਵਡਾਲਾ, ਅਵਿੰਦਰਜੀਤ ਸਿੰਘ, ਨਵਤੇਜ਼ ਪਾਲ ਸਿੰਘ, ਕੁਲਵਿੰਦਰ ਸਿੰਘ, ਭਗਵੰਤ ਸਿੰਘ ਕਿਸਾਨ ਆਗੂ, ਹਰਜੀਤ ਸਿੰਘ ਭੋਮਾ, ਗੁਰਮੀਤ ਸਿੰਘ ਨੰਬਰਦਾਰ, ਬਲਜੀਤ ਸਿੰਘ ਪ੍ਰਧਾਨ, ਅਵਤਾਰ ਸਿੰਘ ਫੌਜੀ, ਜ਼ਸਵੰਤ ਸਿੰਘ, ਪਲਵਿੰਦਰ ਸਿੰਘ ਫੌਜੀ, ਕੈਪਟਨ ਦੀਦਾਰ ਸਿੰਘ, ਪ੍ਰਤਾਪ ਸਿੰਘ ਹਮਜਾ, ਕੁਲਵਿੰਦਰ ਸਿੰਘ ਹਮਜਾ, ਧਰਮ ਸਿੰਘ ਨੰਬਰਦਾਰ ਆਦਿ ਹਾਜ਼ਰ ਸਨ।

ਮਾਨ ਸਰਕਾਰ ਦੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਪ੍ਰਤੀ ਨੀਅਤ ਸ਼ੱਕੀ : ਢਿੱਲੋਂ

ਚੰਡੀਗੜ੍ਹ, (ਪੱਤਰ ਪ੍ਰੇਰਕ)-ਪੰਜਾਬ ਦੇ ਮੁਲਾਜਮਾਂ ਅਤੇ ਪੈਨਸ਼ਨਰਾਂ ਨੂੰ ਵੱਡੀ ਆਸ ਸੀ ਕਿ ਭਗਵੰਤ ਮਾਨ ਸਰਕਾਰ ਦੀਵਾਲੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਆਪਣੇ 7 ਲੱਖ ਤੋਂ ਵਧੇਰੇ ਮੁਲਾਜਮਾਂ ਅਤੇ ਪੈਨਸ਼ਨਰਾਂ ਨਾਲ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਕੀਤੇ ਚੋਣ ਵਾਅਦੇ ਜਿਵੇਂ ਕਿ ਕੱਚੇ ਮੁਲਾਜਮਾਂ ਨੂੰ ਰੈਗੂਲਰ ਕਰਨਾ, ਪਰਖ ਕਾਲ ਦੇ ਸਮੇਂ ਦੌਰਾਨ ਪੂਰੀ ਤਨਖਾਹ ਤੇ ਸਾਰੇ ਭੱਤੇ ਦੇਣਾ, ਸਕੀਮ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਕਰਨਾ , ਆਊਟ ਸੋਰਸ ਮੁਲਾਜਮਾਂ ਦਾ ਆਰਥਿਕ ਸੋਸ਼ਣ ਬੰਦ ਕਰਨਾ ਆਦਿ ਕੀਤੇ ਗਏ ਸਨ ।ਪਰ ਇਹਨਾਂ ਸਾਰੇ ਚੋਣ ਵਾਅਦਿਆਂ ਵਿੱਚੋਂ ਕੋਈ ਵੀ ਚੋਣ ਵਾਅਦਾ ਪੂਰਾ ਅਜੇ ਤੱਕ ਨਹੀਂ ਕੀਤਾ ਗਿਆ। । ਇਸ ਤੋਂ ਬਾਅਦ ਲੱਗਦਾ ਸੀ ਕਿ 28-29 ਨਵੰਬਰ ਨੂੰ ਹੋ ਰਹੇ ਪੰਜਾਬ ਵਿਧਾਨ ਸਭਾ ਦੇ ਸਰਦ ਰੁੱਤ ਦੇ ਸੈਸਨ ਦੌਰਾਨ ਇਸ ਪਾਸੇ ਵੱਲ ਕੋਈ ਨਾ ਕੋਈ ਸਾਰਥਿਕ ਕਦਮ ਪੁੱਟਿਆ ਜਾਵੇਗਾ ।ਪਰ ਉਸ ਸਮੇਂ ਹੈਰਾਨੀ ਦੀ ਕੋਈ ਹੱਦ ਨਾ ਰਹੀ ਜਦੋਂ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਲੀਡਰ ਪ੍ਰਤਾਪ ਸਿੰਘ ਬਾਜਵਾ ਵੱਲੋਂ ਪੰਜਾਬ ਦੇ ਮੁਲਾਜਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਬਹਾਲ ਕਰਨ ਅਤੇ ਪੰਜਾਬ ਦੇ ਮੁਲਾਜਮਾਂ ਅਤੇ ਪੈਨਸ਼ਨਰਾਂ ਨੂੰ ਕੇਂਦਰ ਸਰਕਾਰ ਨਾਲੋਂ 12 ਫੀਸਦੀ ਘੱਟ ਮਹਿੰਗਾਈ ਭੱਤਾ ਮਿਲਣ ਦਾ ਮੁੱਦਾ ਉਠਾਇਆ ਤਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸਾਹਿਬ ਵੱਲੋਂ ਵਿੱਤ ਮੰਤਰੀ ਪੰਜਾਬ ਤੋਂ ਜਵਾਬ ਲੈਣਾ ਵੀ ਯੋਗ ਨਹੀਂ ਸਮਝਿਆ ਗਿਆ ਅਤੇ ਹੁਕਮਰਾਨ ਧਿਰ ਦੇ ਸਦਨ ਵਿੱਚ ਬੈਠੇ ਸਾਰੇ ਵਿਧਾਇਕਾਂ ਵੱਲੋਂ ਚੁੱਪ ਧਾਰਨ ਦੀ ਪੰਜਾਬ ਦੀਆਂ ਕਈ ਮੁਲਾਜਮ ਅਤੇ ਪੈਨਸਨਰ ਜਥੇਬੰਦੀਆਂ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇਸ ਸਬੰਧ ਵਿੱਚ ਟਿੱਪਣੀ ਕਰਦੇ ਹੋਏ ਪੰਜਾਬ ਸੁਬਾਰਡੀਨੇਟ ਸਰਵਿਸਿਜ ਫੈਡਰੇਸਨ ਦੇ ਚੇਅਰਮੈਨ ਰਣਬੀਰ ਢਿੱਲੋਂ,ਵਰਕਿੰਗ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ,ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਅਤੇ ਅਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ, ਕਰਤਾਰ ਸਿੰਘ ਪਾਲ,ਪੰਜਾਬ ਪੈਨਸ਼ਨਰਜ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਮੇਲ ਸਿੰਘ ਮੈਲਡੇ, ਜਗਤਾਰ ਸਿੰਘ ਭੁੰਗਰਨੀ, ਮਨਜੀਤ ਸਿੰਘ ਗਿੱਲ, ਸੱਤ ਪਾਲ ਗੁਪਤਾ , ਅਸ਼ੋਕ ਕੌਸ਼ਲ, ਕੁਲਵੰਤ ਸਿੰਘ ਚਾਨੀ, ਚਮਕੌਰ ਸਿੰਘ ਡਗਰੂ, ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹ ਤੇ ਜਨਰਲ ਸਕੱਤਰ ਜਗਦੀਸ਼ ਸਿੰਘ ਚਾਹਲ, ਕਲਾਸ ਫੋਰ ਗੌਰਮਿੰਟ ਇੰਪਲਾਈਜ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਸੁਖਦੇਵ ਸਿੰਘ ਸੂਰਤਾਪੁਰੀ, ਜਸਵਿੰਦਰ ਪਾਲ ਉਘੀ , ਬਲਜਿੰਦਰ ਸਿੰਘ ਪਟਿਆਲਾ, ਅਵਤਾਰ ਸਿੰਘ ਚੀਮਾਂ ਤੇ ਮੇਲਾ ਸਿੰਘ ਪੁੰਨਾਂਵਾਲ , ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਟਹਿਲ ਸਿੰਘ ਸਰਾਭਾ , ਰਣਦੀਪ ਸਿੰਘ ਫਤਹਿਗੜ੍ਹ ਸਾਹਿਬ, ਦਰਸ਼ੀ ਕਾਂਤ ਰਾਜਪੁਰਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਰਵਾਇਤੀ ਪਾਰਟੀਆਂ ਤੋਂ ਰਾਜ ਭਾਗ ਖੋਹ ਕੇ ਇਹ ਬਦਲਾਅ ਲਿਆਉਣ ਵਿੱਚ ਪੰਜਾਬ ਦੇ ਲੱਖਾਂ ਮੁਲਾਜਮਾਂ ਅਤੇ ਪੈਨਸ਼ਨਰਾਂ ਨੇ ਵੱਡੀ ਭੂਮਿਕਾ ਨਿਭਾਈ ਸੀ ਤੇ ਹੁਣ ਰਾਜ ਭਾਗ ਮਿਲਣ ਤੋਂ ਬਾਅਦ ਪੰਜਾਬ ਸਰਕਾਰ ਦੇ 20 ਮਹੀਨਿਆਂ ਦੇ ਕਾਰਜ ਕਾਲ ਦੌਰਾਨ ਲਗਾਤਾਰ ਪੰਜਾਬ ਸਰਕਾਰ ਵੱਲੋਂ ਲਮਕ ਅਵਸਥਾ ਵਿੱਚ ਪਏ ਸਾਰੇ ਮਸਲਿਆਂ ਨੂੰ ਨਜਰਅੰਦਾਜ ਕਰ ਦੇਣਾ ਅਤੇ ਮੁੱਖ ਮੰਤਰੀ ਪੰਜਾਬ ਵੱਲੋਂ ਇੱਕ ਵਾਰ ਵੀ ਮੀਟਿੰਗ ਕਰਕੇ ਇਹ ਮਸਲੇ ਹੱਲ ਨਾ ਕਰਨ ਦਾ ਵਤੀਰਾ ਪੰਜਾਬ ਦੇ ਮੁਲਾਜਮਾਂ ਅਤੇ ਪੈਨਸ਼ਨਰਾਂ ਨੂੰ ਸ਼ੱਕੀ ਜਾਹਿਰ ਹੋ ਰਿਹਾ ਹੈ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਅੱਗੇ ਕਿਹਾ ਕਿ ਇਸ ਰਵਈਏ ਨੂੰ ਹੋਰ ਬਹੁਤੀ ਦੇਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਪੰਜਾਬ ਮੁਲਾਜਮ ਅਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਉਲੀਕੇ ਗਏ ਪ੍ਰੋਗਰਾਮ ਅਨੁਸਾਰ 4-5 ਦਸੰਬਰ ਨੂੰ ਡਿਪਟੀ ਕਮਿਸ਼ਨਰਾਂ ਰਾਹੀਂ ਪੰਜਾਬ ਸਰਕਾਰ ਨੂੰ ਯਾਦ ਪੱਤਰ ਭੇਜੇ ਜਾਣਗੇ ਅਤੇ ਜਨਵਰੀ ਮਹੀਨੇ ਦੌਰਾਨ ਹੁਕਮਰਾਨ ਧਿਰ ਦੇ ਸਾਰੇ ਵਿਧਾਇਕਾਂ ਦੇ ਘਰਾਂ ਦਾ ਘਿਰਾਓ ਕਰਕੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ । ਜ਼ਿਕਰ ਯੋਗ ਹੈ ਕਿ ਪੰਜਾਬ ਦੇ ਦਫਤਰੀ ਕਾਮੇ ਪਿਛਲੇ 8 ਨਵੰਬਰ ਤੋਂ ਕਲਮਛੋੜ ਹੜਤਾਲ 'ਤੇ ਚੱਲ ਰਹੇ ਹਨ ਅਤੇ 22 ਦਿਨ ਲੰਘ ਜਾਣ ਦੇ ਬਾਵਜੂਦ ਵੀ ਲੀਡਰਸ਼ਿਪ ਨੂੰ ਬੁਲਾਕੇ ਮਸਲੇ ਹੱਲ ਨਹੀਂ ਕੀਤੇ ਗਏ। ਆਗੂਆਂ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਪੰਜਾਬ ਦਾ ਸਾਰਾ ਧਿਆਨ ਪੰਜਾਬ ਦੇ ਸਰਕਾਰੀ ਖਜਾਨੇ ਦੀ ਅੰਨੀ ਲੁੱਟ ਕਰਕੇ ਪੰਜ ਰਾਜਾਂ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਰਾਜ ਸਥਾਪਿਤ ਕਰਨ 'ਤੇ ਲੱਗਿਆ ਹੋਇਆ ਹੈ। ਇਸ ਤੋਂ ਇਲਾਵਾ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਸਥਿਤ ਪੰਜਾਬ ਸਿਵਲ ਸਕੱਤਰੇਤਾਂ ਵਿੱਚ ਕੰਮ ਕਰਦੇ ਅਧਿਕਾਰੀ ਅਤੇ ਸਮੂਹ ਦਰਜਾ ਤਿੰਨ ਅਤੇ ਦਰਜਾ ਚਾਰ ਮੁਲਾਜਮਾਂ ਦੇ ਨਾਅਰਿਆਂ ਦੀ ਗੂੰਜ ਪੰਜਾਬ ਵਿਧਾਨ ਸਭਾ ਤੱਕ ਵੀ ਗੂੰਜਦੀ ਰਹੀ । ਪਰ ਅਫਸੋਸ ਇਹ ਹੈ ਕਿ ਹੁਕਮਰਾਨ ਧਿਰ ਦੇ ਕਿਸੇ ਵੀ ਮੰਤਰੀ ਅਤੇ ਵਿਧਾਇਕ ਦੀ ਜਮੀਰ ਨਹੀਂ ਜਾਗੀ । ਆਗੂਆਂ ਕਿਹਾ ਕਿ ਆਪ ਵਿਧਾਇਕਾਂ ਅਤੇ ਮੰਤਰੀਆਂ ਨੂੰ ਮੀਸਣੀ ਚੁੱਪ ਦਾ ਖਮਿਆਜ਼ਾ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ।

ਗੱਦੀ ਨਾਲੇ 'ਤੇ ਬਣੀ ਰੇਲਿੰਗ ਟੁੱਟਣ ਕਾਰਨ ਹਾਦਸੇ ਵਾਪਰਨ ਦਾ ਡਰ

ਗੁਰਦਾਸਪੁਰ, (ਜਨਕ ਮਹਾਜਨ)

ਗੁਰਦਾਸਪੁਰ ਮੁਕੇਰੀਆਂ ਸੜਕ 'ਤੇ ਪੈਂਦੇ ਕਸਬਾ ਸ਼ਾਲਾ ਤੇ ਜਗਤਪੁਰ ਵਿਚਕਾਰੋਂ ਲੰਘਦੇ ਗੱਦੀ ਨਾਲੇ ਦੀ ਰੇਲਿੰਗ ਟੁੱਟ ਜਾਣ ਕਾਰਨ ਹਰ ਵੇਲੇ ਕਿਸੇ ਵਹੀਕਲ ਦਾ ਨਾਲੇ ਵਿੱਚ ਡਿਗਣ ਦਾ ਡਰ ਬਣਿਆ ਰਹਿੰਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦਾਸਪੁਰ ਤੋਂ ਲਗਭਗ 15 ਕਿੱਲੋ ਮੀਟਰ ਦੂਰ ਪੈਂਦੇ ਇਸ ਗੱਦੀ ਨਾਲੇ ਤੋਂ ਵੱਡੀ ਗਿਣਤੀ ਵਿਚ ਬੱਸਾਂ, ਟਰੱਕ ਅਤੇ ਹੋਰ ਵਾਹਨ ਦਿਨ ਰਾਤ ਗੁਜ਼ਰਦੇ ਹਨ ਅਤੇ ਗੱਦੀ ਨਾਲੇ 'ਤੇ ਬਣੀ ਪੁਲੀ ਦੀ ਚੌੜਾਈ ਘੱਟ ਹੋਣ ਕਾਰਨ ਦੋ ਵਾਹਨਾਂ ਦਾ ਆਹਮਣੇ ਸਾਹਮਣੇ ਤੋਂ ਆਉਂਦੇ ਜਾਂਦੇ ਸਮੇਂ ਗੁਜ਼ਰਨ ਵੇਲੇ ਬੜੀ ਸਾਵਧਾਨੀ ਵਰਤਣੀ ਪੈਂਦੀ ਹੈ। ਜਰਾ ਜਿਹੀ ਕੁਤਾਹੀ ਹੋਣ ਕਾਰਨ ਕੋਈ ਹਾਦਸਾ ਵਾਪਰ ਸਕਦਾ ਹੈ। ਇਸ ਗੱਦੀ ਨਾਲੇ ਦੀ ਡੂੰਘਾਈ ਕਾਫ਼ੀ ਹੈ ਅਤੇ ਇਹ ਨਾਲਾ ਦਰਿਆ ਬਿਆਸ ਵਿਚ ਥੋੜੀ ਅੱਗੇ ਜਾ ਕੇ ਮਿਲ ਜਾਂਦਾ ਹੈ। ਇਸ ਗੱਦੀ ਨਾਲੇ 'ਤੇ ਬਣੀ ਪੁਲੀ ਦੀ ਰੇਲਿੰਗ ਆਏ ਦਿਨ ਟੁਟ ਜਾਂਦੀ ਹੈ ਅਤੇ ਹਾਦਸੇ ਹੁੰਦੇ-ਹੁੰਦੇ ਬਚ ਜਾਂਦੇ ਹਨ। ਇਸ ਪੁਲ ਦੀ ਰੇਲਿੰਗ ਨੂੰ ਤੋੜ ਕੇ ਕਈ ਵਾਰ ਵਾਹਨ ਨਾਲੇ ਵਿਚ ਡਿਗ ਜਾਂਦੇ ਹਨ। ਕੁਝ ਸਾਲ ਪਹਿਲਾਂ ਇਕ ਸਵਾਰੀ ਬੱਸ ਇਸ ਗੱਦੀ ਨਾਲੇ ਵਿਚ ਡਿਗ ਪਈ ਸੀ ਅਤੇ ਕਾਫ਼ੀ ਨੁਕਸਾਨ ਹੋਇਆ ਸੀ। ਇਲਾਕਾ ਵਾਸੀਆਂ ਨੇ ਦੱਸਿਆ ਕਿ ਇਸ ਸੜਕ 'ਤੇ ਇਸ ਤੋਂ ਇਲਾਵਾ ਕੁਝ ਹੋਰ ਵੀ ਛੋਟੀਆਂ-ਛੋਟੀਆਂ ਪੁਲੀਆਂ ਹਨ ਜਿਨ੍ਹਾਂ ਨੂੰ ਚੌੜਾ ਕਰਨ ਦੀ ਲੋੜ ਹੈ ਅਤੇ ਉਨ੍ਹਾਂ 'ਤੇ ਵੀ ਰੇਲਿੰਗ ਲਗਾਉਣੀ ਚਾਹੀਦੀ ਹੈ। ਲੋਕਾਂ ਦੀ ਪੰਜਾਬ ਸਰਕਾਰ ਅਤੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਹੈ ਕਿ ਇਸ ਗੱਦੀ ਨਾਲੇ ਦੀ ਟੁੱਟੀ ਰੇਲਿੰਗ ਦੀ ਜਲਦੀ ਤੋਂ ਜਲਦੀ ਮੁਰੰਮਤ ਕਰਵਾਈ ਜਾਵੇ ਤਾਂ ਜੋ ਹਨੇਰੇ-ਸਵੇਰੇ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਰੀਗੋ ਪੁਲ ਦੀ ਉਸਾਰੀ ਤੋਂ ਪਹਿਲਾਂ ਬਦਲਵੇਂ ਰੂਟ ਤਲਾਸ਼ੇ ਜਾਣੇ ਯਕੀਨੀ ਬਣਾਓ : ਡੀ ਸੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਰੀਗੋ ਬ੍ਰਿਜ ਦੀ ਉਸਾਰੀ ਲਈ ਭਾਰਤੀ ਰੇਲਵੇ ਵੱਲੋਂ ਮਿਲੀ ਹਰੀ ਝੰਡੀ ਦਾ ਸਵਾਗਤ ਕਰਦੇ ਡਿਪਟੀ ਕਮਿਸ਼ਨਰ ਘਣਸ਼ਾਮ ਥੋਰੀ ਨੇ ਕਿਹਾ ਕਿ ਪੁਰਾਣੇ ਹੋ ਚੁੱਕੇ ਇਸ ਪੁਲ ਨੂੰ ਨਵਾਂ ਉਸਾਰਨ ਦੀ ਲੋੜ ਹੈ, ਪਰ ਇਸ ਰਸਤੇ ਨੂੰ ਉਸਾਰੀ ਲਈ ਬੰਦ ਕਰਨ ਤੋਂ ਪਹਿਲਾਂ ਟਰੈਫਿਕ ਪੁਲਸ ਤੇ ਕਾਰਪੋਰੇਸ਼ਨ ਲੋਕਾਂ ਲਈ ਬਦਲਵੇਂ ਰਸਤੇ ਦੇਵੇ। ਅੱਜ ਰੀਗੋ ਬ੍ਰਿਜ ਦੀ ਉਸਾਰੀ ਲਈ ਸੱਦੀ ਗਈ ਮੀਟਿੰਗ ਨੂੰ ਸੰਬੋਧਨ ਕਰਦੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਭਾਵੇਂ ਕਿ ਇਹ ਰਸਤਾ ਭਾਰੀ ਵਾਹਨਾਂ ਲਈ ਪਹਿਲਾਂ ਤੋਂ ਹੀ ਬੰਦ ਕੀਤਾ ਜਾ ਚੁੱਕਾ ਹੈ, ਪਰ ਅਜੇ ਵੀ ਵੱਡੀ ਗਿਣਤੀ ਵਿਚ ਛੋਟੇ ਵਾਹਨ ਤੇ ਸਕੂਟਰ, ਸਾਈਕਲ ਇਸ ਰਸਤੇ ਤੋਂ ਰੋਜ਼ਾਨਾ ਆਉਂਦੇ ਹਨ। ਇਸ ਲਈ ਪੁਲ ਢਾਹੁਣ ਤੋਂ ਪਹਿਲਾਂ ਇਸ ਰਸਤੇ ਦੀ ਥਾਂ ਜੋ ਵੀ ਰਸਤੇ ਲੋਕਾਂ ਦੀ ਵਰਤੋਂ ਲਈ ਦਿੱਤੇ ਜਾਣੇ ਹਨ, ਬਾਬਤ ਟਰੈਫਿਕ ਪੁਲਸ ਤੇ ਕਾਰਪੋਰੇਸ਼ਨ ਅਧਿਕਾਰੀ ਫੈਸਲਾ ਲੈਣ ਤੇ ਲੋਕਾਂ ਨੂੰ ਇਨ੍ਹਾਂ ਰਸਤਿਆਂ ਬਾਰੇ ਜਾਣੂੰ ਕਰਵਾਉਣ। ਉਨਾਂ ਰੇਲਵੇ

1-Dec-PAGE-4.qxd 11/30/2023 10:56 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 1 ਦਸੰਬਰ 2023

ਰਾਜਪਾਲ ਦੀਆਂ ਸ਼ਕਤੀਆਂ 'ਤੇ ਸਵਾਲ

ਰਾਜਪਾਲਾਂ ਵੱਲੋਂ ਖਾਸਕਰ ਆਪੋਜ਼ੀਸ਼ਨ ਪਾਰਟੀਆਂ ਦੀਆਂ ਹਕੂਮਤਾਂ ਵਾਲੀਆਂ ਸੂਬਾ ਸਰਕਾਰਾਂ ਵੱਲੋਂ ਅਸੰਬਲੀ ਵਿਚ ਪਾਸ ਕੀਤੇ ਗਏ ਬਿੱਲਾਂ ਨੂੰ ਵੇਲੇ ਸਿਰ ਮਨਜ਼ੂਰੀ ਦੇਣ ਦੀ ਥਾਂ ਕੁੰਡਲੀ ਮਾਰ ਕੇ ਬੈਠੇ ਰਹਿਣ ਨੂੰ ਲੈ ਕੇ ਸੁਪਰੀਮ ਕੋਰਟ ਵਿਚ ਚੱਲ ਰਹੇ ਕੇਰਲਾ ਸਰਕਾਰ ਬਨਾਮ ਰਾਜਪਾਲ ਦੇ ਮਾਮਲੇ ਵਿਚ ਬੁੱਧਵਾਰ ਕੇਰਲਾ ਦੀ ਤਰਫੋਂ ਪੇਸ਼ ਸੀਨੀਅਰ ਐਡਵੋਕੇਟ ਤੇ ਭਾਰਤ ਦੇ ਸਾਬਕਾ ਅਟਾਰਨੀ ਜਨਰਲ ਕੇ ਕੇ ਵੇਣੂਗੋਪਾਲ ਨੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ ਅੱਗੇ ਇਹ ਖਾਸ ਨੁਕਤਾ ਉਠਾਇਆ ਕਿ ਸੁਪਰੀਮ ਕੋਰਟ ਦੇ ਨੋਟਿਸ ਦੇ ਬਾਅਦ ਰਾਜਪਾਲ ਨੇ ਇਕ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਤੇ 7 ਰਾਸ਼ਟਰਪਤੀ ਦੇ ਵਿਚਾਰ ਲਈ ਘੱਲ ਦਿੱਤੇ ਜਦਕਿ ਇਨ੍ਹਾਂ 7 ਵਿੱਚੋਂ ਤਿੰਨ ਦੇ ਸਰਕਾਰ ਨੇ ਪਹਿਲਾਂ ਆਰਡੀਨੈਂਸ ਜਾਰੀ ਕੀਤੇ ਸਨ ਤੇ ਰਾਜਪਾਲ ਨੇ ਮਨਜ਼ੂਰੀ ਦੇ ਦਿੱਤੀ ਸੀ ਪਰ ਜਦੋਂ ਅਸੰਬਲੀ ਨੇ ਆਰਡੀਨੈਂਸਾਂ ਨੂੰ ਬਿੱਲਾਂ ਵਿਚ ਬਦਲਿਆ ਤਾਂ ਮਨਜ਼ੂਰੀ ਦੇਣ ਦੀ ਥਾਂ ਰਾਸ਼ਟਰਪਤੀ ਨੂੰ ਘੱਲ ਦਿੱਤੇ। ਜੇ ਰਾਜਪਾਲ ਨੂੰ ਆਰਡੀਨੈਂਸਾਂ 'ਤੇ ਇਤਰਾਜ਼ ਨਹੀਂ ਸੀ ਤਾਂ ਫਿਰ ਬਿੱਲ ਕਿਉਂ ਰਾਸ਼ਟਰਪਤੀ ਕੋਲ ਵਿਚਾਰ ਲਈ ਘੱਲ ਦਿੱਤੇ। ਵੇਣੂਗੋਪਾਲ ਨੇ ਦਲੀਲ ਦਿੱਤੀ ਕਿ ਰਾਜਪਾਲ ਬਿੱਲ ਨੂੰ ਇੰਜ ਰਾਸ਼ਟਰਪਤੀ ਕੋਲ ਨਹੀਂ ਘੱਲ ਸਕਦੇ, ਕੋਰਟ ਨੂੰ ਇਸ ਬਾਰੇ ਰਾਜਪਾਲ ਦੀਆਂ ਸ਼ਕਤੀਆਂ ਬਾਰੇ ਸਪੱਸ਼ਟਤਾ ਲਿਆਉਣੀ ਚਾਹੀਦੀ ਹੈ। ਰਾਜਪਾਲਾਂ ਵੱਲੋਂ ਇੰਜ ਬਿੱਲਾਂ 'ਤੇ ਕੁੰਡਲੀ ਮਾਰ ਕੇ ਬੈਠਣ ਤੇ ਲਮਕਾਉਣ ਨਾਲ ਸ਼ਾਸਨ 'ਤੇ ਮਾੜਾ ਅਸਰ ਪੈਂਦਾ ਹੈ। ਮਾਣਯੋਗ ਅਦਾਲਤ ਬਹੁਤ ਦਿੜ੍ਹ ਕਦਮ ਨਹੀਂ ਚੁੱਕੇਗੀ ਤਾਂ ਨਾਗਰਿਕ ਪ੍ਰਭਾਵਤ ਹੁੰਦੇ ਰਹਿਣਗੇ। ਬੈਂਚ ਨੇ ਕਿਹਾ ਕਿ ਇਸ ਸੰਬੰਧੀ ਦਿਸ਼ਾ-ਨਿਰਦੇਸ਼ ਦੇਣ ਦੀ ਮੰਗ ਨਾਲ ਵਰਤਮਾਨ ਰਿਟ ਪਟੀਸ਼ਨ ਦਾ ਦਾਇਰਾ ਵਿਆਪਕ ਹੋ ਜਾਵੇਗਾ। ਚੀਫ ਜਸਟਿਸ ਨੇ ਵੇਣੂਗੋਪਾਲ ਨੂੰ ਇਸ ਬਾਰੇ ਆਪਣੀ ਪਟੀਸ਼ਨ ਵਿਚ ਸੋਧ ਕਰਨ ਲਈ ਉਪਰੋਕਤ ਨੁਕਤਾ ਜੋੜਨ ਲਈ ਕਿਹਾ। ਭਾਰਤ ਸਰਕਾਰ ਦੇ ਸਭ ਤੋਂ ਵੱਡੇ ਵਕੀਲ ਅਟਾਰਨੀ ਜਨਰਲ ਆਰ ਵੈਂਕਟਰਮਨੀ ਨੇ ਵਿਰੋਧ ਕੀਤਾ ਤਾਂ ਚੀਫ ਜਸਟਿਸ ਨੇ ਕਿਹਾ ਕਿ ਵੇਣੂਗੋਪਾਲ ਦੀ ਦਲੀਲ ਵਿਚ ਦਮ ਹੈ ਤੇ ਸੁਪਰੀਮ ਕੋਰਟ ਵੀ ਲੋਕਾਂ ਅੱਗੇ ਜਵਾਬਦੇਹ ਹੈ। ਇਸ ਕਰਕੇ ਇਸ 'ਤੇ ਬਹਿਸ ਹੋਵੇਗੀ।

ਪੰਜਾਬ ਦੇ ਮਾਮਲੇ ਵਿਚ ਸੁਪਰੀਮ ਕੋਰਟ ਦੇ ਨੋਟਿਸ ਤੋਂ ਛੇਤੀ ਬਾਅਦ ਰਾਜਪਾਲ ਨੇ ਕੁਝ ਬਿੱਲਾਂ ਨੂੰ ਮਨਜ਼ੂਰੀ ਦੇ ਦਿੱਤੀ ਸੀ। ਉਦੋਂ ਵੀ ਸੁਪਰੀਮ ਕੋਰਟ ਨੇ ਪੁੱਛਿਆ ਸੀ ਕਿ ਨੋਟਿਸ ਤੋਂ ਪਹਿਲਾਂ ਰਾਜਪਾਲ ਕੀ ਕਰਦੇ ਰਹੇ। ਇਸੇ ਤਰ੍ਹਾਂ ਦੇ ਮਾਮਲੇ ਵਿਚ ਸੁਪਰੀਮ ਕੋਰਟ ਵੱਲੋਂ ਤਾਮਿਲਨਾਡੂ ਦੇ ਰਾਜਪਾਲ ਨੂੰ ਫਟਕਾਰਨ ਤੋਂ ਬਾਅਦ ਉਹ ਵੀ ਹਰਕਤ 'ਚ ਆਇਆ ਸੀ। ਅਜੇ ਵੀ ਪੰਜਾਬ ਦੇ ਰਾਜਪਾਲ ਤੇ ਹੋਰਨਾਂ ਰਾਜਪਾਲਾਂ ਨੇ ਕਈ ਬਿੱਲ ਰੋਕੇ ਹੋਏ ਹਨ। ਉਮੀਦ ਕੀਤੀ ਜਾ ਸਕਦੀ ਹੈ ਕਿ ਸੁਪਰੀਮ ਕੋਰਟ ਹੁਣ ਸਪੱਸ਼ਟ ਕਰ ਦੇਵੇਗੀ ਕਿ ਰਾਜਪਾਲ ਕਿੰਨਾ ਚਿਰ ਬਿੱਲ ਆਪਣੇ ਵਿਚਾਰ ਲਈ ਰੋਕ ਸਕਦੇ ਹਨ। ਇਹ ਵੀ ਸਪੱਸ਼ਟ ਕਰ ਦੇਵੇਗੀ ਕਿ ਬਿੱਲ ਰੱਦ ਕਰਨ ਜਾਂ ਰਾਸ਼ਟਰਪਤੀ ਨੂੰ ਘੱਲਣ ਵੇਲੇ ਰਾਜਪਾਲ ਸਪੱਸ਼ਟ ਵਜ੍ਹਾ ਬਿਆਨ ਕਰਨਗੇ ਤਾਂ ਜੋ ਸੂਬਾ ਸਰਕਾਰਾਂ ਅਗਲੀ ਚਾਰਾਜੋਈ ਕਰ ਸਕਣ। ਸੰਵਿਧਾਨ ਵਿਚ ਸ਼ਕਤੀਆਂ ਬਾਰੇ ਸਪੱਸ਼ਟਤਾ ਨਾ ਹੋਣ ਕਾਰਨ ਰਾਜਪਾਲ ਆਪੋਜ਼ੀਸ਼ਨ ਦੀਆਂ ਸਰਕਾਰਾਂ ਨੂੰ ਕਾਫੀ ਪ੍ਰੇਸ਼ਾਨ ਕਰ ਰਹੇ ਹਨ, ਜਿਸ ਦਾ ਨੁਕਸਾਨ ਆਮ ਲੋਕਾਂ ਨੂੰ ਝੱਲਣਾ ਪੈ ਰਿਹਾ ਹੈ।

ਫੌਜਦਾਰੀ ਕਾਨੂੰਨਾਂ 'ਚ ਸੋਧਾਂ : ਸਿਆਸੀ ਵਿਰੋਧੀਆਂ ਨੂੰ ਕੁਚਲਣ ਦੀ ਕਵਾਇਦ

ਹਰਚਰਨ ਸਿੰਘ ਚਹਿਲ

ਕੇਂਦਰ ਸਰਕਾਰ ਨੇ 11 ਅਗਸਤ, 2023 ਨੂੰ ਲੋਕ ਸਭਾ ਵਿੱਚ ਤਿੰਨ ਬਿੱਲ ਪੇਸ਼ ਕੀਤੇ, ਭਾਰਤੀਯਾ ਨਿਯਾ ਸੰਹਿਤਾ ਬਿੱਲ (ਬੀ ਐੱਨ ਐੱਸ), ਭਾਰਤੀਯਾ ਸਮਸ਼ਿਯਾ ਅਧਿਨਿਯਮ (ਬੀ ਐੱਸ ਏ) ਅਤੇ ਭਾਰਤੀਯਾ ਨਾਗਰਿਕ ਸੁਰੱਕਸ਼ਾ ਸੰਹਿਤਾ ਬਿੱਲ (ਬੀ ਐੱਨ ਐੱਸ ਐੱਸ)। ਸੰਸਦ ਵਿੱਚ ਪਾਸ ਹੋ ਕੇ ਕਾਨੂੰਨ ਬਣਨ ਬਾਅਦ ਇਹ ਬਿੱਲ ਕਰਮਵਾਰ ਭਾਰਤੀ ਦੰਡ ਸੰਹਿਤਾ (ਆਈ ਪੀ ਸੀ-1860), ਭਾਰਤੀ ਐਵੀਡੈਂਸ ਐਕਟ (ਆਈ ਈ ਏ-1972) ਅਤੇ ਫੌਜਦਾਰੀ ਜ਼ਾਬਤਾ ਸੰਹਿਤਾ (ਸੀ ਆਰ ਪੀ ਸੀ-1973) ਦੀ ਥਾਂ ਲੈਣਗੇ। ਸੰਸਦ ਦੀ ਗ੍ਰਹਿ ਮੰਤਰਾਲੇ ਨਾਲ ਸੰਬੰਧਤ ਸਥਾਈ ਸਮਿਤੀ ਇਨ੍ਹਾਂ ਬਿੱਲਾਂ 'ਤੇ ਬਹਿਸ ਕਰ ਚੁੱਕੀ ਹੈ ਅਤੇ ਸੰਸਦ ਦੇ ਆਗਾਮੀ ਸੈਸ਼ਨ ਵਿੱਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ।

ਇਨ੍ਹਾਂ ਤਿੰਨ ਬਿੱਲਾਂ ਰਾਹੀਂ ਫੌਜਦਾਰੀ ਕਾਨੂੰਨਾਂ ਵਿੱਚ ਅਜਿਹੀਆਂ ਕਈ ਅਹਿਮ ਤਬਦੀਲੀਆਂ ਤਜਵੀਜ਼ ਕੀਤੀਆਂ ਗਈਆਂ ਹਨ, ਜਿਹੜੀਆਂ ਸਰਕਾਰ ਦੀਆਂ ਨੀਤੀਆਂ ਤੇ ਅਮਲਾਂ ਨਾਲ ਅਸਹਿਮਤੀ ਪ੍ਰਗਟਾਉਣ ਤੇ ਵਿਰੋਧ ਕਰਨ ਵਾਲਿਆਂ ਨੂੰ ਕੁਚਲਣ ਲਈ ਸਰਕਾਰ ਨੂੰ ਅਥਾਹ ਤਾਕਤਾਂ ਪ੍ਰਦਾਨ ਕਰਨਗੀਆਂ। ਇਨ੍ਹਾਂ ਤਬਦੀਲੀਆਂ ਦੇ ਲਾਗੂ ਹੋ ਜਾਣ ਬਾਅਦ ਸਰਕਾਰ ਜਦ ਚਾਹੇ ਜਨਤਾ ਵਿੱਚ ਚੱਲ ਰਹੇ ਕਿਸੇ ਵੀ ਬਿਰਤਾਂਤ ਨੂੰ ਬੰਦ ਕਰ ਸਕਦੀ ਹੈ ਅਤੇ ਉਨ੍ਹਾਂ ਸਾਰੇ ਮਾਧਿਅਮਾਂ ਦਾ ਗਲਾ ਘੁੱਟ ਸਕਦੀ ਹੈ, ਜਿਹੜੇ ਸਰਕਾਰ-ਵਿਰੋਧੀ ਖਬਰਾਂ ਤੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਂਦੇ ਹੋਣ। ਇਹ ਵਿਚਾਰ ਸੁਪਰੀਮ ਕੋਰਟ ਦੇ ਉੱਘੇ ਵਕੀਲ ਅਤੇ ਨਿਆਂ-ਸ਼ਾਸਤਰ ਦੇ ਮਾਹਰ ਜੀ. ਮੋਹਨ ਗੋਪਾਲ ਦੇ ਹਨ। 'ਦ ਵਾਇਰ' ਵਿੱਚ ਛਪੇ ਇੱਕ ਲੰਬੇ ਚੌੜੇ ਲੇਖ ਵਿੱਚ ਉਸ ਨੇ ਅਜਿਹੀਆਂ 12 ਖ਼ੌਫਨਾਕ ਤਬਦੀਲੀਆਂ ਦੀ ਨਿਸ਼ਾਨਦੇਹੀ ਕੀਤੀ ਹੈ, ਜਿਹੜੀਆਂ ਦੇਸ਼ ਨੂੰ ਹਕੀਕੀ ਤੌਰ 'ਤੇ ਇੱਕ ਪੁਲਸ ਤੇ ਤਾਨਾਸ਼ਾਹ ਰਾਜ ਵਿੱਚ ਬਦਲਣ ਦੀ ਸਮਰੱਥਾ ਰੱਖਦੀਆਂ ਹਨ। ਇੱਥੇ ਅਸੀਂ ਇਨ੍ਹਾਂ ਦਾ ਸਿਰਫ ਸੰਖੇਪ ਵਰਣਨ ਕਰ ਪਾਵਾਂਗੇ।

1) ਭਾਰਤੀਯਾ ਨਿਯਾ ਸੰਹਿਤਾ (ਬੀ ਐੱਨ ਐੱਸ) ਦੀ ਧਾਰਾ 111(1) (iv) ਅੱਤਵਾਦ ਦੀ ਪ੍ਰੀਭਾਸ਼ਾ ਨੂੰ ਅਤਿ-ਵਸੀਹ ਕਰਦੀ ਹੋਈ ਸ਼ਾਂਤਮਈ ਜਮਹੂਰੀ ਕਾਰਵਾਈਆਂ ਨੂੰ ਵੀ ਅੱਤਵਾਦੀ ਕਾਰਵਾਈਆਂ ਦੀ ਜ਼ੱਦ ਵਿੱਚ ਲੈ ਆਉਂਦੀ ਹੈ। ਹੁਣ ਸਰਬਜਨਕ ਵਿਵਸਥਾ ਭੰਗ ਕੀਤੇ ਜਾਣ, ਕਿਸੇ ਗ਼ੈਰ-ਹਿੰਸਕ ਕਾਰਵਾਈ ਜਾਂ ਕਿਸੇ ਭਾਸ਼ਣ ਜਾਂ ਲਿਖਤ ਰਾਹੀਂ ਅਜਿਹੀ ਕਾਰਵਾਈ ਦਾ ਮਹਿਜ਼ ਪ੍ਰਗਟਾਵਾ ਕਰਨ, ਮੁਲਕ ਦੇ ਸਿਆਸੀ, ਆਰਥਿਕ ਜਾਂ ਸਮਾਜਿਕ ਢਾਂਚੇ ਨੂੰ ਅਸਥਿਰ ਜਾਂ ਢਾਹ ਲਾਉਣ ਵਾਲੀ ਕਿਸੇ ਵੀ ਕਾਰਵਾਈ ਨੂੰ ਅੱਤਵਾਦੀ ਕਾਰਵਾਈ ਕਰਾਰ ਦਿੱਤਾ ਜਾ ਸਕੇਗਾ।

2) ਸਰਕਾਰ ਨਵੇਂ ਕਾਨੂੰਨ ਵਿੱਚ ਰਾਜ ਧਰੋਹ ਦੇ ਅਪਰਾਧ (ਆਈ ਪੀ ਸੀ ਦੀ ਧਾਰਾ 124ਏ) ਨੂੰ ਖਤਮ ਕਰਨ ਦਾ ਦਾਅਵਾ ਕਰਦੀ ਹੈ, ਪ੍ਰੰਤੂ ਬੀ ਐੱਨ ਐੱਸ ਦੀ ਧਾਰਾ ੧੫੦ ਰਾਹੀਂ ਇਹ ਅਪਰਾਧ ਆਪਣੇ ਵਧੇਰੇ ਕਰੂਰ ਰੂਪ ਰਾਜ ਧਰੋਹ-ਪਲੱਸ ਵਜੋਂ ਪੁਨਰਜਨਮ ਲੈ ਲੈਂਦਾ ਹੈ। ਬੀ ਐੱਨ ਐੱਸ ਦੀ ਧਾਰਾ 150 ਭੰਨ-ਤੋੜੂ (Subversive), ਅਲਹਿਦਗੀ Secession), ਵੱਖਵਾਦੀ (Separatist), ਦੇਸ਼ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਨੂੰ ਖਤਰੇ ਵਿੱਚ ਪਾਉਣ ਵਾਲੀਆਂ ਗਤੀਵਿਧੀਆਂ ਅਤੇ ਹਥਿਆਰਬੰਦ ਬਗਾਵਤ ਨੂੰ ਅੱਤਵਾਦੀ ਕਾਰਵਾਈਆਂ ਮੰਨਦੀ ਹੈ। ਇਨ੍ਹਾਂ ਵਿੱਚੋਂ ਕਿਸੇ ਵੀ ਗਤੀਵਿਧੀ ਨੂੰ ਕਾਨੂੰਨੀ ਤੌਰ 'ਤੇ ਪ੍ਰੀਭਾਸ਼ਿਤ ਨਹੀਂ ਕੀਤਾ ਗਿਆ, ਜਿਸ ਦੇ ਫਲਸਰੂਪ ਇਹ ਨਵੀਂ ਧਾਰਾ ਮੌਜੂਦਾ 124 ਏ ਨਾਲੋਂ ਵੀ ਵਧੇਰੇ ਕਰੂਰ ਹੋ ਨਿੱਬੜਦੀ ਹੈ।

3) ਬੀ ਐੱਨ ਐੱਸ ਦੀ ਧਾਰਾ 109 ਵਿੱਚ ਸੰਗਠਿਤ ਅਪਰਾਧ ਅਤੇ ਧਾਰਾ 110 ਵਿੱਚ ਨਿੱਕ-ਸੰਗਠਿਤ ਅਪਰਾਧ ਨੂੰ ਜਿਸ ਪ੍ਰਕਾਰ ਪ੍ਰੀਭਾਸ਼ਤ ਕੀਤਾ ਗਿਆ ਹੈ, ਉਸ ਨਾਲ ਸਰਕਾਰ ਨੂੰ ਆਪਣੇ ਸਿਆਸੀ ਵਿਰੋਧੀਆਂ ਤੇ ਮੱਤਭੇਦੀਆਂ ਨੂੰ ਨਿਸ਼ਾਨਾ ਬਣਾਉਣ ਦੀ ਅਥਾਹ ਤਾਕਤ ਮਿਲ ਜਾਵੇਗੀ। ਸਰਕਾਰ ਆਪਣੇ ਵਿਰੋਧੀਆਂ ਨੂੰ ਚੋਣਵੀਂ ਤੇ ਪੱਖਪਾਤੀ ਸਿਆਸੀ ਮੁਕੱਦਮੇਬਾਜ਼ੀ ਵਿੱਚ ਫਸਾ ਸਕੇਗੀ। ਸੰਗਠਿਤ ਅਪਰਾਧ ਦੀਆਂ ਤਜਵੀਜ਼ਤ ਪ੍ਰੀਭਾਸ਼ਾਵਾਂ, ਮਹਾਂਰਾਸ਼ਟਰ ਦੇ ਮਕੋਕਾ 1999 ਅਤੇ ਕਰਨਾਟਕਾ ਦੇ ਕਕੋਕਾ 2000 ਵਿੱਚ, ਇਨ੍ਹਾਂ ਅਪਰਾਧਾਂ ਦੀਆਂ ਦਰਜ ਪ੍ਰੀਭਾਸ਼ਾਵਾਂ ਨਾਲੋਂ ਕਿਤੇ ਵਧੇਰੇ ਵਸੀਹ ਤੇ ਅਸਪੱਸ਼ਟ ਹਨ, ਜਿਸ ਕਾਰਨ ਪੁਲਸ ਨੂੰ ਆਪ-ਹੁਦਰੇਪਣ ਦੀ ਖੁੱਲ੍ਹ ਮਿਲੇਗੀ।

4 ਬੀ ਐੱਸ ਐੱਨ ਦੀ ਧਾਰਾ 224 ਅਨੁਸਾਰ ਸਿਆਸੀ ਰੋਸ ਪ੍ਰਗਟਾਉਣ ਲਈ ਰੱਖੇ ਵਰਤ ਨੂੰ ਹੁਣ ਖੁਦਕੁਸ਼ੀ ਦੀ ਕੋਸ਼ਿਸ਼ ਕਰਾਰ ਦੇ ਕੇ ਅਪਰਾਧ ਦੀ ਸ਼੍ਰੇਣੀ ਵਿੱਚ ਲਿਆਂਦਾ ਜਾ ਸਕੇਗਾ। ਜਦੋਂ ਇੱਕ ਆਮ ਵਿਸ਼ੇ ਵਜੋਂ ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਨੂੰ ਗ਼ੈਰ-ਅਪਰਾਧਿਕ ਕਾਰਵਾਈ ਕਰਾਰ ਦਿੱਤਾ ਗਿਆ ਹੈ, ਪਰ ਇਸ ਨਵੀਂ ਧਾਰਾ ਮੁਤਾਬਕ "ਕਿਸੇ ਕਾਨੂੰਨੀ ਅਧਿਕਾਰੀ ਨੂੰ ਕਾਰਵਾਈ ਕਰਨ ਲਈ ਮਜਬੂਰ ਕਰਨ ਜਾਂ ਰੋਕਣ ਲਈ ਕੀਤੀ ਗਈ ਖੁਦਕੁਸ਼ੀ ਦੀ ਕੋਸ਼ਿਸ਼ ਇੱਕ ਅਪਰਾਧਿਕ ਕਾਰਵਾਈ ਹੋਵੇਗੀ।"

5) ਬੀ ਐੱਨ ਐੱਸ ਐੱਸ ਲੋਕਾਂ ਦੇ ਇਕੱਠ ਨੂੰ ਖਿੰਡਾਉਣ ਲਈ ਸਰਕਾਰੀ ਤਾਕਤਾਂ ਵਿੱਚ ਵਾਧਾ ਕਰਦਾ ਹੈ। ਮੌਜੂਦਾ ਸੀ ਆਰ ਪੀ ਸੀ ਦੀ ਧਾਰਾ 130 ਅਨੁਸਾਰ ਕਿਸੇ ਗ਼ੈਰ-ਕਾਨੂੰਨੀ ਇਕੱਤਰਤਾ ਨੂੰ ਖਿੰਡਾਉਣ ਲਈ ਮੌਕੇ 'ਤੇ ਮੌਜੂਦ ਉਚਤਮ ਰੈਂਕ ਦਾ ਕਾਰਜਕਾਰੀ ਮੈਜਿਸਟ੍ਰੇਟ ਹੀ ਹਥਿਆਰਬੰਦ ਬਲਾਂ ਦੀ ਵਰਤੋਂ ਦੇ ਆਦੇਸ਼ ਦੇ ਸਕਦਾ ਹੈ, ਪ੍ਰੰਤੂ ਨਵੀਂ ਸੰਹਿਤਾ ਅਨੁਸਾਰ ਕੋਈ ਵੀ ਕਾਰਜਕਾਰੀ ਮੈਜਿਸਟ੍ਰੇਟ, ਜੋ ਮੌਕੇ 'ਤੇ ਮੌਜੂਦ ਹੋਵੇ (ਉਸ ਦਾ ਉਚਤਮ ਰੈਂਕ ਦਾ ਹੋਣਾ ਜ਼ਰੂਰੀ ਨਹੀਂ), ਹਥਿਆਰਬੰਦ ਬਲਾਂ ਦੀ ਵਰਤੋਂ ਦਾ ਆਦੇਸ਼ ਦੇ ਸਕਦਾ ਹੈ।'

6) ਆਰ ਐੱਸ ਐੱਸ ਪੱਖੀ ਸੋਧਾਂ : ਬੀ ਐੱਨ ਐੱਸ ਵਿੱਚ ਅੱਤਵਾਦ ਦੀ ਜਿਹੜੀ ਪ੍ਰੀਭਾਸ਼ਾ ਦਿੱਤੀ ਗਈ ਹੈ, ਉਸ ਵਿੱਚੋਂ "ਸੰਵਿਧਾਨਕ ਢਾਂਚਿਆਂ" ਉਪਰ ਹਮਲਿਆਂ ਨੂੰ ਜਾਣਬੁੱਝ ਕੇ ਛੱਡ ਦਿੱਤਾ ਗਿਆ ਹੈ, ਕਿਉਂਕਿ ਸੰਵਿਧਾਨਕ ਢਾਂਚੇ ਹਮੇਸ਼ਾ ਹੀ ਆਰ ਐੱਸ ਐੱਸ ਦੇ ਨਿਸ਼ਾਨੇ 'ਤੇ ਰਹੇ ਹਨ। ਸੰਵਿਧਾਨਕ ਢਾਂਚੇ ਦੀ ਬਜਾਏ, ਨਵੀਂ ਸੰਹਿਤਾ ਵਿੱਚ, ਸਮਾਜਿਕ ਢਾਂਚੇ ਨੂੰ ਅਸਥਿਰ ਕਰਨ ਜਾਂ ਢਾਹ ਲਾਉਣ ਨੂੰ ਅੱਤਵਾਦੀ ਕਾਰਵਾਈ ਮੰਨਿਆ ਜਾਵੇਗਾ।

ਕਿਉਂਕਿ ਆਰ ਐੱਸ ਐੱਸ ਸਮਾਜਿਕ ਢਾਂਚੇ (ਵਰਣ-ਵਿਵਸਥਾ, ਰੂੜੀਵਾਦੀ ਤੇ ਜਾਗੀਰੂ ਰਵਾਇਤਾਂ) ਨੂੰ ਬਰਕਰਾਰ ਰੱਖਣਾ ਚਾਹੁੰਦੀ ਹੈ। ਮੌਜੂਦਾ ਆਈ ਪੀ ਸੀ ਦੀ ਧਾਰਾ 153 ਏ ਏ ਅਨੁਸਾਰ, "ਫੌਜਦਾਰੀ ਜ਼ਾਬਤਾ ਸੰਹਿਤਾ (ਸੀ ਆਰ ਪੀ ਸੀ) ਦੀ ਧਾਰਾ ੧੪੪ਏ ਅਧੀਨ ਜਾਰੀ ਕੀਤੇ ਗਏ ਕਿਸੇ ਜਨਤਕ ਆਦੇਸ਼ ਦੀ ਉਲੰਘਣਾ ਕਰਦੇ ਹੋਏ ਕਿਸੇ ਮੁਜ਼ਾਹਰੇ ਵਿੱਚ ਹਥਿਆਰ ਲੈ ਕੇ ਚੱਲਣਾ ਜਾਂ ਕਿਸੇ ਜਨਤਕ ਥਾਂ 'ਤੇ ਹਥਿਆਰਾਂ ਨਾਲ ਕੋਈ ਸਰਵਜਨਕ ਡਰਿੱਲ ਜਾਂ ਸਰਵਜਨਕ ਸਿਖਲਾਈ ਜਥੇਬੰਦ ਕਰਨਾ ਜਾਂ ਆਯੋਜਨ ਕਰਨਾ ਗ਼ੈਰ-ਕਾਨੂੰਨੀ ਕਾਰਵਾਈ ਸਮਝੀ ਜਾਵੇਗੀ। ਇਨ੍ਹਾਂ ਹਥਿਆਰਾਂ ਵਿੱਚ ਬਰੂਦੀ ਹਥਿਆਰ, ਨੁਕੀਲੇ ਹਥਿਆਰ, ਲਾਠੀ, ਡੰਡੇ ਤੇ ਸੋਟੀਆਂ ਸ਼ਾਮਲ ਹਨ।" ਪਰ ਭਾਰਤ ਵਿੱਚ ਕਿਸੇ ਵੀ ਪਾਰਟੀ ਦਾ ਰਾਜ ਰਿਹਾ ਹੋਵੇ, ਸੰਘ-ਪਰਵਾਰ ਦੀ ਸਰਵਜਨਕ ਡਰਿੱਲ 'ਤੇ ਪਾਬੰਦੀ ਲਾਉਣ ਵਾਲੇ ਇਸ ਪ੍ਰਾਵਧਾਨ ਨੂੰ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ, ਹਾਲਾਂਕਿ ਇਸ ਲਈ ਮਹਿਜ਼ ਇੱਕ ਨੋਟੀਫਿਕੇਸ਼ਨ ਜਾਰੀ ਕਰਨਾ ਬਾਕੀ ਹੈ। ਹੁਣ ਦੋਵੇਂ ਨਵੀਆਂ ਸੰਹਿਤਾਵਾਂ ਵਿੱਚ ਇਸ ਪ੍ਰਾਵਧਾਨ ਦਾ ਚੁੱਪ-ਚਾਪ ਭੋਗ ਪਾ ਦਿੱਤਾ ਗਿਆ ਹੈ ਤਾਂ ਜੁ ਸੰਘ-ਪਰਵਾਰ, ਬਗ਼ੈਰ ਕਿਸੇ ਕਾਨੂੰਨੀ ਅੜਿਚਣ ਦੇ ਖੁਸ਼ੀ-ਖੁਸ਼ੀ ਆਪਣੇ ਕਾਡਰ ਨੂੰ ਹਥਿਆਰਾਂ ਦੀ ਸਿਖਲਾਈ ਦੇ ਸਕੇ।

ਬੀ ਐੱਨ ਐੱਸ ਵਿੱਚ ਹਜ਼ੂਮੀ ਕਤਲ ਬਾਰੇ ਜੋੜੀ ਗਈ ਨਵੀਂ ਵਿਸ਼ੇਸ਼ ਨਵੀਂ ਧਾਰਾ 101 ਵਿੱਚ ਹਜ਼ੂਮੀ ਕਤਲ ਨੂੰ "ਨਸਲ, ਜਾਤ ਜਾਂ ਬਿਰਾਦਰੀ, ਲਿੰਗ, ਜਨਮ-ਸਥਾਨ, ਭਾਸ਼ਾ, ਨਿੱਜੀ ਵਿਸ਼ਵਾਸ ਜਾਂ ਕੋਈ ਹੋਰ ਆਧਾਰ ਉਪਰ ਕੀਤੇ ਕਤਲ ਵਜੋਂ ਪ੍ਰੀਭਾਸ਼ਤ ਕੀਤਾ ਗਿਆ ਹੈ।" ਪਰ ਆਰ ਐੱਸ ਐੱਸ ਦਾ ਖਿਆਲ ਰੱਖਦੇ ਹੋਏ ਹਜ਼ੂਮੀ ਕਤਲ ਲਈ ਧਰਮ ਨੂੰ ਕੋਈ ਆਧਾਰ ਨਹੀਂ ਮੰਨਿਆ ਗਿਆ।

7) ਨਵੀਂ ਸੰਹਿਤਾ ਬੀ ਐੱਨ ਐੱਸ ਐੱਸ ਦੀ ਧਾਰਾ 172 ਮੁਲਕ ਨੂੰ ਪੁਲਸ ਰਾਜ ਵਿੱਚ ਤਬਦੀਲ ਕਰਨ ਦੀ ਸਮਰੱਥਾ ਰੱਖਦੀ ਹੈ। ਉਕਤ ਧਾਰਾ ਅਨੁਸਾਰ "ਕਿਸੇ ਪੁਲਸ ਅਧਿਕਾਰੀ ਦੁਆਰਾ, ਆਪਣੇ ਫਰਜ਼ਾਂ ਦੇ ਨਿਭਾਅ ਲਈ ਦਿੱਤੇ ਆਦੇਸ਼ ਦਾ ਵਿਰੋਧ ਕਰਨ, ਇਨਕਾਰੀ ਹੋਣ, ਅਣਗੌਲਿਆਂ ਕਰਨ ਜਾਂ ਅਨਾਦਰ ਕਰਨ ਵਾਲੇ ਕਿਸੇ ਵੀ ਸ਼ਖਸ ਨੂੰ ਹਿਰਾਸਤ ਵਿੱਚ ਲਿਆ ਜਾਂ ਉਥੋਂ ਲਾਂਭੇ ਕੀਤਾ ਜਾ ਸਕਦਾ ਹੈ.... ਉਹ ਅਧਿਕਾਰੀ ਅਜਿਹੇ ਸ਼ਖਸ ਨੂੰ ਅਗਲੇ ਹੁਕਮਾਂ ਲਈ ਕਿਸੇ ਨਿਆਂਇਕ ਮੈਜਿਸਟ੍ਰੇਟ ਮੂਹਰੇ ਪੇਸ਼ ਕਰ ਸਕਦਾ ਹੈ ਜਾਂ ਸੰਬੰਧਤ ਗਤੀਵਿਧੀ ਖਤਮ ਹੋਣ ਬਾਅਦ ਛੱਡ ਸਕਦਾ ਹੈ।

8) ਬੀ ਐੱਨ ਐੱਸ ਐੱਸ ਦੀ ਧਾਰਾ 43 (3) ਅਨੁਸਾਰ ਹੁਣ ਬਹੁਤ ਸਾਰੇ ਮਾਮਲਿਆਂ ਵਿੱਚ ਪੁਲਸ ਦੁਆਰਾ ਦੋਸ਼ੀ ਨੂੰ ਹੱਥਕੜੀ/ਬੇੜੀ ਲਗਾਈ ਜਾ ਸਕੇਗੀ, ਜਦੋਂ ਕਿ ਮਨੁੱਖੀ ਸਨਮਾਨ ਦਾ ਘਾਣ ਕਰਨ ਵ

1-DEC-PAGE-5.qxd 11/30/2023 10:52 PM Page 1

ਦਲਿਤਾਂ/ਮਜ਼ਦੂਰਾਂ ਨੂੰ ਨਜ਼ਰ-ਅੰਦਾਜ਼ ਤੇ ਅਧਿਕਾਰਾਂ ਤੋਂ ਵਾਂਝੇ ਕਰਨ ਵਾਲੀਆਂ ਸਰਕਾਰਾਂ ਨੂੰ ਮੂੰਹ ਦੀ ਖਾਣੀ ਪਵੇਗੀ : ਚੌਹਾਨ

ਮਜ਼ਦੂਰ ਜਥੇਬੰਦੀਆਂ ਨੇ ਹਲਕਾ ਵਿਧਾਇਕ ਰਾਹੀਂ ਮੁੱਖ ਮੰਤਰੀ ਨੂੰ ਭੇਜਿਆ ਮੰਗ ਪੱਤਰ

ਮਾਨਸਾ (ਆਤਮਾ ਸਿੰਘ ਪਮਾਰ)-ਪੰਜਾਬ ਦੀਆਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ ਮਜ਼ਦੂਰ ਮੰਗਾਂ ਨੂੰ ਲਾਗੂ ਕਰਵਾਉਣ ਲਈ ਹਲਕਾ ਵਿਧਾਇਕ ਮਾਨਸਾ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ। ਵਫਦ ਦੀ ਅਗਵਾਈ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕੇਵਲ ਸਿੰਘ ਸਮਾਓਂ, ਮਜ਼ਦੂਰ ਮੁਕਤੀ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਗੁਰਦੀਪ ਸਿੰਘ ਆਹਲੂਪੁਰ ਵੱਲੋਂ ਕੀਤੀ ਗਈ। ਇਸ ਮੌਕੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਸਾਥੀ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਕੰਮ ਦਿਹਾੜੀ 8 ਤੋਂ 12 ਘੰਟੇ ਵਾਲਾ ਨੋਟੀਫਿਕੇਸ਼ਨ ਇਹ ਸਿੱਧ ਕਰਦਾ ਹੈ ਕਿ ਮਜ਼ਦੂਰ ਵਿਰੋਧੀ ਫੈਸਲੇ ਕਰਕੇ ਮੋਦੀ ਤੇ ਮਾਨ ਸਰਕਾਰ ਕੇਵਲ ਧੂੰਜੀਪਤੀ ਤੇ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰਨ ਤੇ ਲਾਭ ਪਹੁੰਚਾਉਣ ਲੱਗੀਆਂ ਹੋਈਆਂ ਹਨ, ਜਿਸ ਕਾਰਨ ਮਜ਼ਦੂਰਾਂ ਵਿੱਚ ਵੱਡੀ ਪੱਧਰ 'ਤੇ ਗੁੱਸਾ ਤੇ ਰੋਸ ਵੇਖਣ ਨੂੰ ਮਿਲ ਰਿਹਾ ਹੈ ਅਤੇ ਆਉਣ ਵਾਲੀਆਂ ਚੋਣਾਂ ਮੌਕੇ ਸਰਕਾਰਾਂ ਨੂੰ ਮੂੰਹ ਦੀ ਖਾਣੀ ਪਵੇਗੀ। ਆਗੂਆਂ ਨੇ ਮੰਗ ਕੀਤੀ ਕਿ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਸਮੇਤ ਔਰਤਾਂ ਦਾ ਮਾਈਕਰੋ ਫਾਈਨਾਂਸ ਕੰਪਨੀਆਂ ਦਾ ਕਰਜ਼ਾ ਵੀ ਮੁਆਫ ਕੀਤਾ ਜਾਵੇ। ਉਨ੍ਹਾਂ ਮਨਰੇਗਾ ਮਜ਼ਦੂਰਾਂ ਦੇ ਬਜਟ ਦੀ ਕਟੌਤੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਕਟੌਤੀ ਕਾਰਨ ਪੂਰੇ ਨਰੇਗਾ ਕਾਮਿਆਂ ਨੂੰ ਕੰਮ ਨਹੀਂ ਦਿੱਤਾ ਜਾ ਸਕਦਾ। ਉਨ੍ਹਾ ਮੰਗ ਕੀਤੀ ਕਿ ਪੱਕੇ ਰੁਜ਼ਗਾਰ ਲਈ ਪੂਰਾ ਸਾਲ ਕੰਮ ਦਿੱਤਾ ਜਾਵੇ, ਦਿਹਾੜੀ ਘੱਟੋ ਘੱਟ 700 ਰੁਪਏ ਪ੍ਰਤੀ ਦਿਨ ਦੇਣਾ ਯਕੀਨੀ ਬਣਾਇਆ ਜਾਵੇ। ਬੁਢਾਪਾ ਵਿਧਵਾ ਪੈਨਸ਼ਨ 6000 ਰੁਪਏ ਪ੍ਰਤੀ ਮਹੀਨਾ ਦੇਣ, ਨਵੇਂ ਕਾਰਡ ਬਣਾਉਣ ਤੇ ਕੱਟੇ ਕਾਰਡਾਂ ਨੂੰ ਬਹਾਲ ਕਰਨ, ਡੰਮੀ ਬੋਲੀਆਂ 'ਤੇ ਪੱਕੀ ਰੋਕ ਅਤੇ ਐੱਸ ਸੀ ਧਰਮਸ਼ਾਲਾ ਵਿੱਚ ਹੀ ਬੋਲੀ ਕਰਨ ਆਦਿ ਮਜ਼ਦੂਰ ਮੰਗਾਂ ਲਾਗੂ ਕਰਨ ਦੀ ਮੰਗ ਕੀਤੀ।

ਮਜ਼ਦੂਰ ਜਥੇਬੰਦੀਆਂ ਨੇ ਨਸ਼ਿਆਂ 'ਤੇ ਪੂਰੀ ਤਰ੍ਹਾਂ ਰੋਕ ਲਾਉਣ ਦੀ ਮੰਗ ਕੀਤੀ ਅਤੇ ਬੀਤੀ 7 ਨਵੰਬਰ ਨੂੰ ਭੈਣੀ ਬਾਘਾ ਦੇ ਦਲਿਤ ਵਿਹੜੇ ਵਿੱਚ ਗੁੰਡਿਆਂ ਵੱਲੋਂ ਸਰੇਆਮ ਕੀਤੀ ਗੁੰਡਾਗਰਦੀ ਦੀ ਨਿਖੇਧੀ ਕੀਤੀ ਅਤੇ ਦੋਸ਼ੀਆਂ ਖਿਲਾਫ ਐੱਸ ਸੀ/ਐੱਸ ਟੀ ਐਕਟ ਸਮੇਤ ਧਰਾਵਾਂ ਲਗਾ ਕੇ ਗ੍ਰਿਫਤਾਰ ਕਰਨ ਦੀ ਮੰਗ ਕੀਤੀ।

ਵਫਦ ਮੌਕੇ ਮਜ਼ਦੂਰ ਮੁਕਤੀ ਮੋਰਚਾ ਦੇ ਮਨਜੀਤ ਜੋਗਾ, ਜਰਨੈਲ ਸਿੰਘ ਮਾਨਸਾ, ਨੌਜਵਾਨ ਸਭਾ ਦੇ ਹਰਪ੍ਰੀਤ ਮਾਨਸਾ, ਮਜ਼ਦੂਰ ਆਗੂ ਕਪੂਰ ਸਿੰਘ ਕੋਟਲੱਲੂ, ਮੋਤੀ ਸਿੰਘ, ਪਾਲ ਸਿੰਘ, ਗੁਰਚਰਨ ਸਿੰਘ, ਆਦਿ ਆਗੂ ਸ਼ਾਮਲ ਸਨ।

ਲਿੰਕ ਰੋਡ ਤੇ ਵੱਡੇ ਸਰਕਾਰੀ ਰਾਹ ਧੁੰਦਾਂ 'ਚ ਬਣਦੇ ਨੇ ਵੱਡੇ ਹਾਦਸੇ ਦਾ ਕਾਰਨ!

ਜ਼ੀਰਾ (ਨਰਿੰਦਰ ਅਨੇਜਾ)

ਮਾਨ ਸਰਕਾਰ ਸਰਕਾਰੀ ਜ਼ਮੀਨਾਂ ਛੁੱਡਣ ਦੀ ਚੇਤਾਵਨੀ ਦਿੰਦੀ ਰਹਿੰਦੀ ਹੈ, ਪਰ ਜ਼ਮੀਨ 'ਤੇ ਕਬਜ਼ਾ ਕਰਨ ਵਾਲਿਆਂ ਕਿਸਾਨਾਂ 'ਤੇ ਇਸ ਦਾ ਕੋਈ ਵੀ ਅਸਰ ਨਹੀਂ ਹੋ ਰਿਹਾ। ਉਹ ਬੇਕੋਫ ਹੋ ਸਰਕਾਰੀ ਜ਼ਮੀਨਾਂ 'ਤੇ ਕਬਜ਼ਾ ਕਰਕੇ ਉਸ ਨੂੰ ਆਪਣੀ ਜ਼ਮੀਨ ਵਿੱਚ ਰਲਾ ਕੇ ਫ਼ਸਲ ਬੀਜੀ ਜਾ ਰਹੇ ਹਨ। ਉਹ ਸਰਕਾਰ ਦੇ ਹੁਕਮ ਨੂੰ ਟਿੱਚ ਜਾਣ ਰਹੇ ਹਨ, ਜਦ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਡੇ ਵੱਡੇ ਦਾਅਵੇ ਕਰਕੇ ਸੱਤਾ ਵਿੱਚ ਆਈ ਸੀ ਕਿ ਅਸੀਂ ਇੱਕ ਇੱਕ ਇੰਚ ਸਰਕਾਰੀ ਜ਼ਮੀਨ ਲੋਕਾਂ ਕੋਲੋਂ ਛੁਡਾਵਾਂਗੇ, ਪਰ ਇਹ ਸਾਰੇ ਦਾਅਵੇ ਖੋਖਲੇ ਹੀ ਨਜ਼ਰ ਆ ਰਹੇ। ਜ਼ੀਰਾ ਸ਼ਹਿਰ ਵਿੱਚ ਆਮ ਹੀ ਲਿੰਕ ਰੋਡਾਂ 'ਤੇ ਜ਼ਮੀਨ ਮਾਲਕਾਂ ਵੱਲੋਂ ਦੋ ਦੋ, ਤਿੰਨ ਤਿੰਨ ਫੁੱਟ ਦੇ ਕਰੀਬ ਥਾਂ ਆਪਣੇ ਖੇਤਾਂ ਵਿੱਚ ਰਲਾ ਲਏ ਹਨ, ਜਿਸ ਨਾਲ ਕੁਝ ਥਾਵਾਂ 'ਤੇ ਮਿੱਟੀ ਖਿਸਕਣ ਨਾਲ ਵੱਡੇ ਵੱਡੇ ਟੋਏ ਵੀ ਬਣ ਗਏ ਹਨ, ਜੋ ਕਿ ਧੁੰਦਾ ਵਿੱਚ ਵੱਡੇ ਹਾਦਸਿਆਂ ਦਾ ਕਾਰਨ ਬਣਦੇ ਹਨ। ਇੱਥੇ ਹੀ ਬੱਸ ਨਹੀਂ ਦਰੱਖਤਾਂ ਦੇ ਦੋਵਾਂ ਪਾਸੇਂ ਮਿੱਟੀ ਪੁੱਟ ਕੇ ਉਨ੍ਹਾਂ ਨੂੰ ਕਮਜ਼ੋਰ ਵੀ ਕੀਤਾ ਜਾ ਰਿਹਾ ਤਾਂ ਜੋ ਇਹ ਛੋਟੀ ਹਨੇਰੀ ਨਾਲ ਡਿੱਗ ਪੈਣ। ਇਹ ਸਿਰਫ ਇਸ ਲਈ ਕਰ ਰਹੇ ਹਨ ਕਿ ਦਰੱਖਤਾਂ ਦੀ ਛਾਂ ਹੇਠ ਫਸਲ ਘੱਟ ਨਿਕਲਦੀ ਹੈ। ਜ਼ਮੀਨ ਮਾਲਕ ਕੁਝ ਦਾਣੇ ਵੱਧ ਨਿਕਲਣ ਦੀ ਖਾਤਰ ਲੋਕਾਂ ਦੀਆਂ ਜਾਨਾਂ ਨਾਲ ਖੇਡ ਰਹੇ ਹਨ ਕਈ ਵਾਰ ਤਾਂ ਸਕੂਲੀ ਬੱਚਿਆਂ ਵਾਲੀਆਂ ਵੈਨਾਂ ਵੀ ਦੁਰਘਟਨਾ ਦਾ ਸ਼ਿਕਾਰ ਹੋ ਚੁੱਕੀਆਂ ਹਨ, ਪਰ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ।

ਰਜਵਾਹਾ ਛੱਤਣ ਦੇ ਕੰਮ ਦੌਰਾਨ ਵਰਤੀ ਜਾ ਰਹੀ ਅਣਗਹਿਲੀ ਕਾਰਨ ਹਾਦਸਾ ਵਾਪਰਨ ਦਾ ਡਰ

- ਮਲਬੇ ਦੇ ਢੇਰ ਤੇ ਬੰਦ ਸਟਰੀਟ ਲਾਈਟਾਂ ਦੇ ਰਹੀਆਂ ਹਨ ਹਾਦਸਿਆਂ ਨੂੰ ਸੱਦਾ
- ਮੁਸ਼ਕਲਾਂ ਨੂੰ ਜਲਦੀ ਹੀ ਦੂਰ ਕਰਵਾਇਆ ਜਾਵੇਗਾ : ਕੈਂਪ ਦਫਤਰ ਇੰਚਾਰਜ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸ਼ਹਿਰ ਵਾਸੀਆਂ ਦੀ ਸੱਭ ਤੋਂ ਵੱਡੀ ਸਮੱਸਿਆਵਾਂ 'ਚ ਸ਼ੁਮਾਰ ਸ਼ਹਿਰ ਦੇ ਵਿੱਚੋਂ ਲੰਘਦੇ ਰਜਵਾਹੇ ਨੂੰ ਛੱਤਣ ਦਾ ਕੰਮ ਸ਼ੁਰੂ ਕਰਕੇ ਬੇਸ਼ੱਕ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਹਲਕਾ ਧੂਰੀ ਦੇ ਲੋਕਾਂ ਨੂੰ ਇੱਕ ਵੱਡਾ ਤੋਹਫਾ ਦਿੱਤਾ ਗਿਆ ਹੈ, ਪ੍ਰੰਤੂ ਰਜਵਾਹਾ ਛੱਤਣ ਦੇ ਕੰਮ ਦੌਰਾਨ ਸਬੰਧਤ ਵਿਭਾਗ ਵੱਲੋਂ ਵਰਤੀ ਜਾ ਰਹੀ ਅਣਗਹਿਲੀ ਕਾਰਨ ਹਰ ਸਮੇਂ ਹਾਦਸਾ ਵਾਪਰਨ ਦਾ ਡਰ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਕਰੀਬ 33 ਕਰੋੜ ਦੀ ਲਾਗਤ ਨਾਲ ਸ਼ਹਿਰ ਦੇ ਵਿਚੋਂ ਲੰਘਦੇ ਸ਼ੇਰੋਂ ਰਜਵਾਹੇ ਨੂੰ ਢਕਣ ਦਾ ਕੰਮ ਪਿਛਲੇ ਕੁੱਛ ਦਿਨਾਂ ਤੋਂ ਜਾਰੀ ਹੈ, ਜਿਸਦੇ ਚਲਦਿਆਂ ਮਹਾਂਵੀਰ ਮੰਦਿਰ ਨੇੜੇ ਸਥਿਤ ਪੁਲ ਨੂੰ ਤੋੜ ਕੇ ਆਵਾਜਾਈ ਲਈ ਬਦਲਵਾਂ ਆਰਜ਼ੀ ਪੁਲ ਤਿਆਰ ਕੀਤਾ ਗਿਆ ਹੈ, ਜਿਸ ਤੋਂ ਬਾਅਦ ਬਦਲਵੇਂ ਆਰਜ਼ੀ ਪੁਲ ਨੇੜੇ ਸਟਰੀਟ ਲਾਈਟਾਂ ਬੰਦ ਹੋਣ ਕਾਰਨ ਹਾਦਸਾ ਵਾਪਰਨ ਦੇ ਡਰ ਬਾਰੇ ਭਾਵੇਂ ਸੋਸ਼ਲ ਮੀਡੀਆ 'ਤੇ ਵਾਇਰਲ ਇਕ ਵੀਡੀਓ ਤੋਂ ਬਾਅਦ ਇਸ ਆਰਜ਼ੀ ਪੁਲ ਨੇੜੇ ਸਟਰੀਟ ਲਾਈਟਾਂ ਚਾਲੂ ਕਰਵਾ ਦਿੱਤੀਆਂ ਗਈਆਂ ਸੀ, ਪ੍ਰੰਤੂ ਰਜਵਾਹੇ ਦੇ ਚੱਲਦੇ ਵਿਕਾਸ ਕਾਰਜਾਂ ਦੌਰਾਨ ਸ਼ਹਿਰ ਦੇ ਟਰੱਕ ਯੂਨੀਅਨ ਵਾਲੇ ਪੁਲ ਤੋਂ ਲੈਕੇ ਮਹਾਂਵੀਰ ਦੇ ਮੰਦਿਰ ਵਾਲੇ ਪੁਲ ਤੱਕ ਰਜਵਾਹੇ ਤੋਂ ਮਿੱਟੀ ਤੇ ਮਲਬਾ ਕੱਢ ਕੇ ਸੜਕਾਂ 'ਤੇ ਸੁੱਟਿਆ ਜਾ ਰਿਹਾ ਹੈ, ਜਿਸ ਤੋਂ ਬਾਅਦ ਅੱਜ ਸਵੇਰ ਤੋਂ ਹੋ ਰਹੀ ਬਰਸਾਤ ਕਾਰਨ ਇਥੇ ਪਈ ਮਿੱਟੀ ਤੇ ਮਲਬਾ ਚਿੱਕੜ ਵਿਚ ਤਬਦੀਲ ਹੋ ਗਿਆ ਹੈ, ਜਿਸ ਕਾਰਨ ਲੋਕਾਂ ਦਾ ਇੱਥੋਂ ਲੰਘਣਾ ਵੀ ਮੁਸ਼ਕਲ ਹੋ ਗਿਆ ਹੈ। ਇਸ ਤੋਂ ਇਲਾਵਾ ਸ਼ਹਿਰ ਦੀਆਂ ਅਨੇਕਾਂ ਹੋਰ ਥਾਵਾਂ ਦੇ ਨਾਲ-ਨਾਲ ਰਜਵਾਹੇ ਦੇ ਨਾਲ ਲੰਘਦੇ ਇਸ ਰਸਤੇ 'ਤੇ ਜ਼ਿਆਦਾਤਰ ਸਟਰੀਟ ਲਾਈਟਾਂ ਵੀ ਬੰਦ ਪਈਆਂ ਹਨ, ਜਿਸ ਕਾਰਨ ਹਾਦਸਾ ਵਾਪਰਣ ਦਾ ਡਰ ਬਣਿਆ ਰਹਿੰਦਾ ਹੈ। ਲੋਕਾਂ ਦੀ ਮੰਗ ਹੈ ਕਿ ਜਿਥੇ ਰਜਵਾਹੇ 'ਚੋਂ ਕੱਢਿਆ ਜਾਣ ਵਾਲਾ ਮਲਬਾ ਸਹੀ ਢੰਗ ਨਾਲ ਚੁਕਵਾਇਆ ਜਾਵੇ, ਓਥੇ ਹੀ ਸਟਰੀਟ ਲਾਈਟਾਂ ਦਾ ਪ੍ਰਬੰਧ ਕੀਤਾ ਜਾਵੇ ਤਾਂ ਕਿ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ ਤੇ ਕੋਈ ਹਾਦਸਾ ਵਾਪਰਨ ਤੋਂ ਟਾਲਿਆ ਜਾ ਸਕੇ। ਇਸ ਸਬੰਧੀ ਨਹਿਰੀ ਵਿਭਾਗ ਦੇ ਐੱਸ.ਡੀ.ਓ. ਕਰਨ ਬਾਂਸਲ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਨੇ ਕਿਹਾ ਕਿ ਮਲਬਾ ਲਗਾਤਾਰ ਚੁੱਕਿਆ ਜਾ ਰਿਹਾ ਹੈ ਤੇ ਸਟਰੀਟ ਲਾਈਟਾਂ ਸਬੰਧੀ ਉਹ ਨਗਰ ਕੌਂਸਲ ਨੂੰ ਪੱਤਰ ਲਿਖਣਗੇ ਤਾਂ ਕਿ ਲੋਕਾਂ ਨੂੰ ਕੋਈ ਸਮੱਸਿਆ ਦਰਪੇਸ਼ ਨਾ ਆਵੇ। ਇਸ ਸੰਬੰਧੀ ਮੁੱਖ ਮੰਤਰੀ ਦੇ ਕੈਂਪ ਦਫਤਰ ਦੇ ਇੰਚਾਰਜ ਅੰਮ੍ਰਿਤ ਬਰਾੜ ਨਾਲ ਸੰਪਰਕ ਕਰਨ 'ਤੇ ਉਨ੍ਹਾਂ ਕਿਹਾ ਕਿ ਉਹ ਅੱਜ ਹੀ ਸੰਬੰਧਤ ਵਿਭਾਗਾਂ ਨੂੰ ਹਦਾਇਤ ਕਰਨਗੇ ਤੇ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਬਰਸਾਤ ਤੋਂ ਬਾਅਦ ਰਜਵਾਹੇ ਕਿਨਾਰੇ ਪਏ ਮਲਬੇ ਕਾਰਨ ਸੜਕ ਦੀ ਹੋਈ ਮਾੜੀ ਹਾਲਤ ਨੂੰ ਬਿਆਨ ਕਰਦੀ ਤਸਵੀਰ।

ਕਾਤਰਾਂ

ਸ਼ਮਸ਼ੇਰ ਸ਼ੇਰੀ ਦੀ ਬਰਸੀ ਭਲਕੇ

ਲਹਿਰਾਗਾਗਾ (ਪਵਨ ਸ਼ਰਮਾ)-ਲੋਕ ਸੰਗਰਾਮ ਮੋਰਚਾ ਦੇ ਪ੍ਰਧਾਨ ਤਾਰਾ ਸਿੰਘ ਮੋਗਾ ਨੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ 2 ਦਸੰਬਰ ਨੂੰ ਬਰਸੀ ਮਨਾਉਣ ਲਈ ਖੋਖਰ ਕਲਾਂ ਵਿਖੇ ਸੁਖਮੰਦਰ ਸਿੰਘ ਜਨਰਲ ਸਕੱਤਰ ਦੀ ਪ੍ਰਧਾਨਗੀ ਵਿੱਚ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਪ੍ਰਬੰਧਾਂ ਤੇ ਤਿਆਰੀ ਸਬੰਧੀ ਚਰਚਾ ਕੀਤੀ ਗਈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ 2 ਦਸੰਬਰ ਸਵੇਰੇ 11 ਵਜੇ ਕਾਮਰੇਡ ਸ਼ਮਸ਼ੇਰ ਸ਼ੇਰੀ ਦੀ ਯਾਦਗਰ 'ਤੇ ਹੋ ਰਹੇ ਸਮਾਗਮ ਵਿੱਚ ਪਹੁੰਚੋ।

ਖੇਤੀਬਾੜੀ ਮਸ਼ੀਨਾਂ ਦੀ ਭੌਤਿਕ ਪੜਤਾਲ ਅੱਜ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਪੰਜਾਬ ਸਰਕਾਰ ਦੇ ਖੇਤੀਬਾੜੀ ਵਿਭਾਗ ਵੱਲੋਂ ਜਿਨ੍ਹਾਂ ਮਸ਼ੀਨਾਂ 'ਤੇ ਸਬਸਿਡੀ ਦਿੱਤੀ ਗਈ ਹੈ, ਉਨ੍ਹਾਂ ਦੀ ਭੌਤਿਕ ਪੜਤਾਲ (ਫਿਜੀਕਲ ਵੇਰੀਫਿਕੇਸ਼ਨ) 1 ਦਸੰਬਰ 2023 ਨੂੰ ਕੀਤੀ ਜਾਣੀ ਹੈ। ਸਹਾਇਕ ਕਪਾਹ ਵਿਸਥਾਰ ਅਫਸਰ ਫਾਜ਼ਿਲਕਾ ਸ੍ਰੀ ਬਲਦੇਵ ਸਿੰਘ ਨੇ ਦੱਸਿਆ ਕਿ ਫਾਜ਼ਿਲਕਾ ਬਲਾਕ ਨਾਲ ਸਬੰਧਤ ਕਿਸਾਨਾਂ ਦੀਆਂ ਮਸ਼ੀਨਾਂ ਦੀ ਭੌਤਿਕ ਪੜਤਾਲ ਸ਼ਹੀਦ ਭਗਤ ਸਿੰਘ ਸਟੇਡੀਅਮ ਫਾਜ਼ਿਲਕਾ ਵਿਖੇ 1 ਦਸੰਬਰ ਨੂੰ ਸਵੇਰੇ 9 ਵਜੇ ਕੀਤੀ ਜਾਵੇਗੀ। ਇਸ ਲਈ ਜਿਨ੍ਹਾਂ ਕਿਸਾਨਾਂ, ਸਹਿਕਾਰੀ ਸਭਾਵਾਂ, ਐੱਫਪੀਓ, ਗ੍ਰਾਮ ਪੰਚਾਇਤਾਂ, ਐਂਟਰਪਰਨਿਊਰ ਵੱਲੋਂ 31 ਅਕਤੂਬਰ 2023 ਤੇ ਇਸ ਤੋਂ ਬਾਅਦ ਮਸ਼ੀਨਰੀ ਖਰੀਦੀ ਹੈ, ਉਹ ਇਸ ਦੀ ਭੌਤਿਕ ਪੜਤਾਲ ਲਈ ਉਕਤ ਮਿਤੀ ਨੂੰ ਸ਼ਹੀਦ ਭਗਤ ਸਿੰਘ ਸਟੇਡੀਅਮ ਫਾਜ਼ਿਲਕਾ ਵਿਖੇ ਸਮੇਤ ਆਪਣੀ ਮਸ਼ੀਨ ਤੇ ਹੋਰ ਲੋੜੀਂਦੇ ਦਸਤਾਵੇਜ਼ ਲੈ ਕੇ ਪੁੱਜਣ।

ਬਾਪੂ ਮੱਘਰ ਸਿੰਘ ਦੱਧਾਹੂਰ ਦਾ ਦੇਹਾਂਤ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਗੁਰੂ ਹਰਿਗੋਬਿੰਦ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਗੋਬਿੰਦਗੜ੍ਹ-ਦੱਧਾਹੂਰ ਦੇ ਪ੍ਰਿੰਸੀਪਲ ਮੈਡਮ ਪ੍ਰਿਤਪਾਲ ਕੌਰ, ਡਾਇਰੈਕਟਰ ਮਨਜੀਤ ਸਿੰਘ ਤੂਰ ਦੇ ਸਤਿਕਾਰਯੋਗ ਪਿਤਾ ਸ੍ਰ: ਮੱਘਰ ਸਿੰਘ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ। ਇਸ ਦੁੱਖ ਦੀ ਘੜੀ ਵਿੱਚ ਵੱਖ-ਵੱਖ ਆਗੂਆਂ, ਪ੍ਰਾਈਵੇਟ ਸਕੂਲ ਐਸੋਸੀਏਸ਼ਨ ਤੇ ਪ੍ਰੈੱਸ ਕਲੱਬ ਮਹਿਲ ਕਲਾਂ ਸਮੇਤ ਸਮੂਹ ਪੱਤਰਕਾਰ ਭਾਈਚਾਰੇ ਨੇ ਤੂਰ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਹੈ।

ਰੋਟਰੀ ਕਲੱਬ ਵੱਲੋਂ ਅੱਖਾਂ ਦਾ ਚੈੱਕਅਪ ਤੇ ਅਪ੍ਰੇਸ਼ਨ ਕੈਂਪ 3 ਨੂੰ

ਨਾਭਾ (ਵਰਿੰਦਰ ਵਰਮਾ)-ਸਵ. ਸੁੰਦਰ ਸਿੰਘ ਤੇ ਸਵ. ਮਾਨਸ ਕੌਰ ਦੀ ਨਿੱਘੀ ਯਾਦ ਵਿੱਚ ਰੋਟਰੀ ਕਲੱਬ ਨਾਭਾ ਵੱਲੋਂ ਅੱਖਾਂ ਦਾ ਮੁਫਤ ਚੈੱਕਅਪ ਤੇ ਅਪ੍ਰੇਸ਼ਨ ਕੈਂਪ ਰੋਟਰੀ ਭਵਨ ਪਟਿਆਲਾ ਗੇਟ ਵਿਖੇ 3 ਦਸੰਬਰ ਨੂੰ ਲਗਾਇਆ ਜਾ ਰਿਹਾ ਹੈ। ਇਸ ਦੀ ਜਾਣਕਾਰੀ ਦਿੰਦਿਆਂ ਪ੍ਰੋਜੈਕਟ ਚੇਅਰਮੈਨ ਦਲਜੀਤ ਸੰਧੂ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਕੈਂਪ ਵਿੱਚ ਡਾ. ਅਤੁੱਲ ਕੱਕੜ (ਅੱਖਾਂ ਦੇ ਮਾਹਿਰ), ਡਾ. ਦਿਨਕਰ ਮਿੱਤਲ, ਡਾ. ਐੱਚ. ਐੱਸ. ਰੰਧਾਵਾ ਦੀ ਟੀਮ ਵੱਲੋਂ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕੀਤਾ ਜਾਵੇਗਾ ਤੇ ਕੱਕੜ ਆਈ ਹਸਪਤਾਲ, ਪਟਿਆਲਾ ਵਿਖੇ ਅੱਖਾਂ 'ਚ ਲੈਂਜ਼ ਪਾਏ ਜਾਣਗੇ।

ਦਫਤਰੀ ਕਾਮਿਆਂ ਵੱਲੋਂ 23ਵੇਂ ਦਿਨ ਵੀ ਲਗਾਤਾਰ ਕਲਮ ਛੋੜ ਹੜਤਾਲ ਜਾਰੀ

ਮੁਲਾਜ਼ਮਾਂ ਵੱਲੋਂ ਅੱਜ ਪੰਜਾਬ ਸਰਕਾਰ ਖਿਲਾਫ਼ ਘੜੇ ਭੰਨ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ

ਫਿਰੋਜ਼ਪੁਰ (ਗੁਰਬਚਨ ਸਿੰਘ ਸੋਨੂੰ)

ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਪੰਜਾਬ ਵੱਲੋਂ ਸੂਬਾ ਸਰਕਾਰ ਦੇ ਅੜੀਅਲ ਰਵੱਈਏ ਵਿਰੁੱਧ ਤੇ ਆਪਣੀਆਂ ਹੱਕੀ 'ਤੇ ਜਾਇਜ਼ ਮੰਗਾਂ ਦੇ ਹੱਕ ਵਿੱਚ ਕੀਤੀ ਜਾ ਰਹੀ ਕਲਮ ਛੋੜ ਹੜਤਾਲ 23ਵੇਂ ਦਿਨ ਵੀ ਜਾਰੀ ਰਹੀ, ਪਰ ਸਰਕਾਰ ਮੁਲਾਜ਼ਮਾਂ ਦੀਆਂ ਮੰਗੀ ਪ੍ਰਤੀ ਅਜੇ ਵੀ ਗੰਭੀਰਤਾ ਨਹੀਂ ਦਿਖਾ ਰਹੀ ਹੈ, ਜਿਸ ਕਰਕੇ ਮੁਲਾਜ਼ਮਾਂ ਅੰਦਰ ਦਿਨੋ-ਦਿਨ ਪੰਜਾਬ ਸਰਕਾਰ ਪ੍ਰਤੀ ਰੋਸ ਹੋਰ ਵੱਧ ਦਾ ਜਾ ਰਿਹਾ ਹੈ। ਜ਼ਿਲ੍ਹਾ ਫਿਰੋਜ਼ਪੁਰ ਵਿਚ ਸਰਕਾਰੀ ਮੁਲਾਜ਼ਮਾਂ ਵੱਲੋਂ ਸਮੁੱਚਾ ਸਰਕਾਰੀ ਕੰਮ ਕਾਜ 8 ਨਵੰਬਰ 2023 ਤੋਂ ਬੰਦ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸੰਘਰਸ਼ ਨੂੰ ਤਿੱਖ

page-6-1-Dec.-2023-(SM).qxd 11/30/2023 10:54 PM Page 1

ਅਕਾਲ ਗਲੈਕਸੀ ਕਾਨਵੈਂਟ ਸਕੂਲ ਵਿਦਿਆਰਥੀਆਂ ਦੀ 'ਇੰਟਰ ਹਾਊਸ ਜੀ ਕੇ ਪ੍ਰਸ਼ਨਾਵਲੀ' ਪ੍ਰਤੀਯੋਗਿਤਾ ਕਰਵਾਈ

ਲੋਹੀਆਂ ਖਾਸ (ਰੀਨਾ ਸ਼ਰਮਾ, ਯੋਗੇਸ਼ਵਰ) : ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ, ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਅਗਵਾਈ ਹੇਠ ਪੰਜਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੀ ਇੰਟਰ ਹਾਊਸ ਜੀ ਕੇ ਪ੍ਰਸ਼ਨਾਵਲੀ ਪ੍ਰਤੀਯੋਗਿਤਾ ਕਰਵਾਈ ਗਈ।

ਇਸ ਪ੍ਰਤੀਯੋਗਿਤਾ 'ਚ ਵਿਦਿਆਰਥੀਆਂ ਦੁਆਰਾ ਵੱਧ-ਚੜ੍ਹ ਕੇ ਭਾਗ ਲਿਆ ਗਿਆ। ਚਾਰੋ ਹਾਊਸ ਐਮਾਜੋਨ, ਗੰਗਾ, ਨਾਇਲ, ਅਤੇ ਥੇਮਜ਼ ਹਾਊਸ ਦੇ ਵਿਦਿਆਰਥੀਆਂ ਨੇ ਬਹੁਤ ਹੀ ਉਤਸਾਹ ਨਾਲ ਸਵਾਲਾਂ ਦੇ ਜਵਾਬ ਦਿੱਤੇ। ਇਸ 'ਚ ਐਮਾਜੋਨ ਹਾਊਸ ਨੇ ਪਹਿਲਾ ਸਥਾਨ ਅਤੇ ਗੰਗਾ ਹਾਊਸ ਨੇ ਦੂਜਾ ਸਥਾਨ ਹਾਸਲ ਕੀਤਾ। ਪ੍ਰਿੰਸੀਪਲ ਮੈਡਮ ਦੁਆਰਾ ਜੇਤੂ ਟੀਮਾ ਨੂੰ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ ਗਈ, ਇਸ ਮੌਕੇ ਹਾਊਸ ਇੰਚਾਰਜਸ ਮੈਡਮ ਗੁਰਸ਼ਰਨ ਕੌਰ, ਸਰਬਜੀਤ ਕੌਰ, ਨੂਤਨ ਸਰਮਾ ਅਤੇ ਮੰਦੀਪ ਕੌਰ ਵੀ ਉਨ੍ਹਾਂ ਦੇ ਨਾਲ ਸਨ। ਪ੍ਰਿੰਸੀਪਲ ਮੈਡਮ ਦੁਆਰਾ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਉਨ੍ਹਾਂ ਦੀ ਸਾਨਦਾਰ ਪ੍ਰਫਾਰਮੈਂਸ ਲਈ ਵਧਾਈ ਦਿੱਤੀ। ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਜਾਣਕਾਰੀ ਦਿੰਦਿਆ ਦੱਸਿਆ ਗਿਆ ਕਿ ਸਕੂਲ ਵਿੱਚ ਅਜਿਹੀਆਂ ਪ੍ਰਤੀਯੋਗਤਾਵਾਂ ਕਰਵਾਉਣ ਦਾ ਮੰਤਵ ਬੱਚਿਆਂ ਦੇ ਆਤਮ ਵਿਸਵਾਸ਼ ਅਤੇ ਗਿਆਨ ਵਿਚ ਵਾਧਾ ਕਰਨਾ ਹੈ।

Court Notice

(U/o 5 Rule 20 CPC)
In the Court of Sh.
Amandeep Singh Ghuman
Civil Judge (Junior Division)-5, Jalandhar.
CNR No. PBJL 02-004507-2019
Next Date : 09-01-2024
Simranjit vs. Gurmeet Kaur
Suit for grant of decree of Permanent Injunction as Prayed for
Publication Issued to : Binder D/o Karam Chand, W/o Madan Lal, R/o Village Garhi, Sb Tehsil Bhogpur, Distt. Jalandhar, Indu D/o Karam Chand W/o Kulwinder Singh R/o Village Thinda Theepran, Garhdiwal, Distt. Hoshiarpur.
In above titled case, the defendant(s)/respondent(s) could not be served. It is ordered that defendant(s) respondents) should appear in person or through counsel on 09-01-2024 at 10.00 a.m.
For details logon to https://high-courchd.gov.in/?trs=district_notice&district=Jalandhar.
Civil Judge (Junior Division)-5, Jalandhar.
Dated, this day of 29-11-2023

ਪਬਲਿਕ ਨੋਟਿਸ

ਆਮ ਜਨਸਧਾਰਨ ਨੂੰ ਇਹ ਜਾਣਕਾਰੀ ਦਿਤੀ ਜਾਦੀ ਹੈ ਕਿ ਮੈਸਰਜ ਵੀਰ ਕੋਲੋਨਾਇਜਰ ਐਡ ਬਿਲਡਰਜ ਪ੍ਰਾਇਵੇਟ ਲਿਮੀਟਿਡ ਨੂੰ ਪਿੰਡ ਕੰਬੋਅਹ. ਬ ਨੰ:348) ਅਜਨਾਲਾ ਰੋਡ ਅੰਮ੍ਰਿਤਸਰ, ਪੰਜਾਬ ਵਿਖੇ ਕਮਰਸ਼ੀਅਲ ਪ੍ਰਯੋਜਕਟ "ਵੀਰਵਾਕ" ਲਈ ਸਾਡੇ ਵਾਤਾਵਰਣ ਸਲਾਹਕਾਰ ਮੈਸ ਈਕੋ ਪਰਿਆਵਰਣ ਲੈਬੋਰੇਟਰੀਜ ਐਂਡ ਕੰਸਲਟੇਟਸ ਪ੍ਰਾਇਵੇਟ ਲਿਮੀਟਿਡ, ਮੋਹਾਲੀ ਰਾਹੀ ਐਸਈਆਈਏਏ, ਪੰਜਾਬ ਵਲੋ ਈਸੀ ਸਨਾਖਤ ਨੰ:EC23B038PB163027 ਅਤੇ ਫਾਇਲ ਨੰ: SEIAA/PB/MIS/2023/EC/49 ਮਿਤੀ 24-11-2023 ਰਾਹੀ ਇਨਵਾਇਰਮੈਂਟਲ ਕਲੀਅਰੈਂਸ ਪ੍ਰਧਾਨ ਕੀਤੀ ਗਈ।ਇਨਵਾਇਰਮੈਂਟਲ ਕਲੀਅਰੈਂਸ ਦੀ ਕਾਪੀ ਸਮੇਤ ਪਾਲਣਾ ਯੋਗ ਸ਼ਰਤਾ ਪ੍ਰਾਜੈਕਟ ਪ੍ਰੋਪੋਨੈਂਟ ਕੋਲ ਉਪਲਬਧ ਹੈ ਇਸ ਨੂੰ ਇਨਵਾਇਰਮੈਂਟਲ ਕਲੀਅਰੈਂਸ ਪੋਰਟਲ (https://parivesh.nic.in/). ਥੇ ਵੀ ਵੇਖਿਆ ਜਾ ਸਕਦਾ ਹੈ ਚਾਹਵਾਨ ਵਿਅਕਤੀ ਦੇਹਾ ਵਿਚੋ ਕਿਸੇ ਨੂੰ ਵੀ ਸੰਪਰਕ ਕਰ ਸਕਦੇ ਹਨ।

ਮੈਸਰਜ ਵੀਰ ਕੋਲੋਨਾਇਜਰ ਐਡ ਬਿਲਡਰਜ ਪ੍ਰਾਇਵੇਟ ਲਿਮੀਟਿਡਐਸ ਸੀ ਓ 48-50 ਵੀਰ ਇਨਕਲੇਵ ਜੀ ਟੀ ਰੋਡਭਾਇਪਾਸ ਖਾਨਕੋਟ, ਅੰਮ੍ਰਿਤਸਰ ਪੰਜਾਬ-143001
ਈਕੋ ਪਰਿਆਵਰਣ ਲੈਬੋਰੇਟਰੀਜ ਐਂਡ ਕੰਸਲਟੇਟਸ ਪ੍ਰਾਇਵੇਟ ਲਿਮੀਟਿਡ,ਈ-207 ਇੰਡਸਟੀਰੀਅਲ ਏਰੀਆ, ਫੇਜ 8 ਬੀ ਸੈਕਟਰ 74 ਮੋਹਾਲੀ, ਪੰਜਾਬ-143001
ਸੰਪਰਕ: +91-9915946784
www.ecoparyavaran.org

Dhanvarsha™
TruCap Finance Ltd.
(Formerly known as Dhanvarsha Finvest Ltd.)

ਜਨਤਕ ਨੋਟਿਸ

ਸਾਡੇ ਗਾਹਕਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਰੂਕੈਪ ਫਾਇਨਾਂਸ ਲਿਮਟਿਡ (ਪਹਿਲਾਂ ਧਨਵਰਸ਼ਾ ਫਿਨਵੈਸਟ ਲਿਮਟਿਡ), ਇੱਕ ਗੈਰ ਬੈਂਕਿੰਗ ਫਾਇਨੈਂਸ਼ੀਅਲ ਕੰਪਨੀ, ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨਾਲ ਰਜਿਸਟਰਡ, ਜਿਸ ਦਾ ਰਜਿਸਟਰਡ ਦਫਤਰ ਤੀਜੀ ਮੰਜ਼ਲ ਏ, ਵਿੰਗ, ਡੀ ਜੇ ਹਾਊਸ, ਓਲਡ ਨਾਗਰਦਾਸ ਰੋਡ, ਅੰਧੇਰੀ (ਈਸਟ) ਮੁੰਬਈ-400069 ਵਿਖੇ ਹੈ, ਆਪਣਾ ਸ਼ਾਖਾ ਦਫਤਰ ਟਰੂਕੈਪ ਫਾਇਨਾਂਸ ਲਿਮਟਿਡ (ਪਹਿਲਾਂ ਧਨਵਰਸ਼ਾ ਫਿਨਵੈਂਸਟ ਲਿਮਟਿਡ) ਪਲਾਟ ਨੰ. ਬੀ -17/826, ਸੁਤਹਿਰੀ ਰੋਡ, ਹੁਸ਼ਿਆਰਪੁਰ, ਪੰਜਾਬ-146001, ਟਰੂਕੈਪ ਫਾਇਨਾਂਸ ਲਿਮਟਿਡ (ਪਹਿਲਾਂ ਧਨਵਰਸ਼ਾ ਫਿਨਵੈਂਸਟ ਲਿਮਟਿਡ) ਸੰਤੋਖਪੁਰਾ, ਪੁਰਾਣੀ ਹੁਸ਼ਿਆਰਪੁਰ ਰੋਡ, ਐੱਨ ਏ-411, ਗਰਾਊਂਡ ਫਲੋਰ, ਸੰਤੋਖਪੁਰਾ, ਪੁਰਾਣੀ ਹੁਸ਼ਿਆਰਪੁਰ ਰੋਡ, ਜਲੰਧਰ, ਪੰਜਾਬ-144004 ਵਿਖੇ 29 ਫਰਵਰੀ 2024 ਨੂੰ ਤਬਦੀਲ ਕਰ ਰਹੀ ਹੈ।

ਸਾਡੇ ਗਾਹਕ ਜੋ ਤਬਦੀਲ ਕੀਤੇ ਜਾ ਰਹੇ ਸਥਾਨ ਤੋਂ ਸੇਵਾਵਾਂ ਪ੍ਰਾਪਤ ਕਰ ਰਹੇ ਹਨ, ਨੂੰ ਨਵੀਂ ਸ਼ਾਖਾ ਤੋਂ ਸੇਵਾਵਾਂ ਮੁਹੱਈਆ ਕਰਵਾਈਆਂ ਜਾਣਗੀਆਂ।

ਸਾਰੇ ਸੰਬੰਧਤਾਂ ਨੂੰ ਇਹ ਨੋਟ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ

ਵਾਸਤੇ ਟਰੂਕੈਪ ਫਾਇਨਾਂਸ ਲਿਮਟਿਡ
(ਪਹਿਲਾਂ ਧਨਵਰਸ਼ਾ ਫਿਨਵੈਂਸਟ ਲਿਮਟਿਡ)
ਸਥਾਨ : ਮੁੰਬਈ ਸਹੀ/-
ਮਿਤੀ : 01 ਦਸੰਬਰ 2023 ਕੰਪਨੀ ਸੈਕਰੇਟਰੀ ਅਤੇ ਕੰਪਲਾਂਇੰਸ ਅਫਸਰ

Dhanvarsha™
TruCap Finance Ltd.
(Formerly known as Dhanvarsha Finvest Ltd.)

ਜਨਤਕ ਨੋਟਿਸ

ਸਾਡੇ ਗਾਹਕਾਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਰੂਕੈਪ ਫਾਇਨਾਂਸ ਲਿਮਟਿਡ (ਪਹਿਲਾਂ ਧਨਵਰਸ਼ਾ ਫਿਨਵੈਂਸਟ ਲਿਮਟਿਡ), ਗੈਰ ਬੈਂਕਿੰਗ ਫਾਇਨੈਂਸ਼ੀਅਲ ਕੰਪਨੀ, ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨਾਲ ਰਜਿਸਟਰਡ, ਜਿਸ ਦਾ ਰਜਿਸਟਰਡ ਦਫਤਰ ਤੀਜੀ ਮੰਜ਼ਲ, ਏ ਵਿੰਗ, ਡੀ ਜੇ ਹਾਊਸ, ਓਲਡ ਨਾਗਰਦਾਸ ਰੋਡ, ਅੰਧੇਰੀ (ਈਸਟ) ਮੁੰਬਈ-400069 ਵਿਖੇ ਹੈ, ਆਪਣਾ ਸ਼ਾਖਾ ਦਫਤਰ ਟਰੂਕੈਪ ਫਾਇਨਾਂਸ ਲਿਮਟਿਡ (ਪਹਿਲਾਂ ਧਨਵਰਸ਼ਾ ਫਿਨਵੈਂਸਟ ਲਿਮਟਿਡ) ਐੱਸ ਸੀ ਐੱਫ 26, ਗ੍ਰੇਨ ਮਾਰਕਿਟ, ਖਮਾਣੋਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਪੰਜਾਬ-141801 ਤੋਂ ਟਰੂਕੈਪ ਫਾਇਨਾਂਸ ਲਿਮਟਿਡ (ਪਹਿਲਾਂ ਧਨਵਰਸ਼ਾ ਫਿਨਵੈਂਸਟ ਲਿਮਟਿਡ) ਜੱਸਜ਼ ਕੰਪਲੈਕਸ, ਪਹਿਲੀ ਮੰਜ਼ਲ, ਜਿਓਤੀ ਸਰੂਪ ਚੌਕ ਫਤਹਿਗੜ੍ਹ ਸਾਹਿਬ, ਸਰਹਿੰਦ, ਪੰਜਾਬ-140406 ਵਿਖੇ 29 ਫਰਵਰੀ 2024 ਤੋਂ ਤਬਦੀਲ ਕਰ ਰਹੀ ਹੈ। ਇਸ ਸਥਾਨ, ਜਿਸ ਨੂੰ ਤਬਦੀਲ ਕੀਤਾ ਜਾ ਰਿਹਾ ਹੈ, ਤੋਂ ਸੇਵਾਵਾਂ ਪ੍ਰਾਪਤ ਕਰ ਰਹੇ ਗਾਹਕਾਂ ਨੂੰ ਨਵੀਂ ਸ਼ਾਖਾ ਤੋਂ ਸੇਵਾਵਾਂ ਮੁਹੱਈਆਂ ਕਰਵਾਈਆਂ ਜਾਣਗੀਆਂ। ਸਾਰੇ ਸੰਬੰਧਤਾਂ ਨੂੰ ਇਹ ਨੋਟ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ।

ਵਾਸਤੇ ਟਰੂਕੈਪ ਫਾਇਨਾਂਸ ਲਿਮਟਿਡ
(ਪਹਿਲਾਂ ਧਨਵਰਸ਼ਾ ਫਿਨਵੈਂਸਟ ਲਿਮਟਿਡ)
ਸਥਾਨ : ਮੁੰਬਈ ਸਹੀ/-
ਮਿਤੀ : 01 ਦਸੰਬਰ 2023 ਕੰਪਨੀ ਸੈਕਰੇਟਰੀ ਅਤੇ ਕੰਪਲਾਂਇੰਸ ਅਫਸਰ

AXIS BANK

ਰਿਟੇਲ ਐੱਸਟ ਸੈਂਟਰ : ਐਕਸਿਸ ਬੈਂਕ ਲਿਮ: ਦੂਜੀ ਮੰਜ਼ਲ, ਜਾਇਦਾਦ # 7-ਏ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਕਾਰਪੋਰੇਟ ਦਫਤਰ : "ਐਕਸਿਸ ਹਾਊਸ", ਬਲਾਕ-ਬੀ, ਬੰਬੇ ਡਾਈਂਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫਸਰ ਹੋਣ ਨਾਤੇ ਸਿਕਿਊਰਟੀਸੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਿਕਿਊਰਟੀ ਇੰਟਰੈਸਟ ਐਕਟ 2002 ਅਤੇ ਸਿਕਿਊਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੇਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ : 1. ਸ੍ਰੀ ਮੱਸਣ ਸਿੰਘ ਪੁੱਤਰ ਪ੍ਰਤਾਪ ਸਿੰਘ ਅਤੇ (2) ਸ੍ਰੀ ਪ੍ਰਤਾਪ ਸਿੰਘ ਪੁੱਤਰ ਬੀਰ ਸਿੰਘ ਦੋਵੇਂ ਵਾਸੀ ਸੋਹਲ ਠੱਠੀ, ਤਰਨ ਤਾਰਨ, ਪੰਜਾਬ-143302, ਨਾਲ ਹੀ : ਮਕਾਨ/ਜਾਇਦਾਦ ਪਿੰਡ ਝਬਾਲ ਕਲਾਂ ਸਾਹਮਣੇ ਏ ਕੇ ਇੰਟਰਨੈਸ਼ਨਲ ਪੈਲੇਸ, ਖੇਮਕਰਨ ਰੋਡ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ, ਪੰਜਾਬ-143302, ਨਾਲ ਹੀ : ਸ੍ਰੀ ਮੱਸਣ ਸਿੰਘ ਪੁੱਤਰ ਪ੍ਰਤਾਪ ਸਿੰਘ ਮਾਲਕ ਮੈਸ: ਮੱਸਣ ਵੈਜੀਟੇਬਲ ਸ਼ਾਪ, ਨੇੜੇ ਬੋਰੋ ਦੀ ਚੱਕੀ, ਅੱਡਾ ਝਬਾਲ, ਜ਼ਿਲ੍ਹਾ ਤਰਨ ਤਾਰਨ, ਪੰਜਾਬ-143302, ਕਰਜ਼ਾ ਖਾਤਾ ਨੰ. ਪੀ ਐੱਚ ਆਰ 068507169162

ਜਾਇਦਾਦ ਦਾ ਵੇਰਵਾ : ਬੈਨਾਮਾ ਵਸੀਕਾ ਨੰ. 2021-22/172/1/1698 ਮਿਤੀ 31 ਮਾਰਚ 2022 ਅਨੁਸਾਰ ਸ੍ਰੀ ਮੱਸਣ ਸਿੰਘ ਪੁੱਤਰ ਪ੍ਰਤਾਪ ਸਿੰਘ ਅਤੇ ਪ੍ਰਤਾਪ ਸਿੰਘ ਪੁੱਤਰ ਬੀਰ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ/ਜ਼ਮੀਨ ਰਕਬਾ 0-2 ਮਰਲੇ (65 ਵਰਗ ਗਜ਼) ਖੇਵਟ ਨੰ. 64, ਖਤੌਨੀ ਨੰ. 92, ਖਸਰਾ ਨੰ. 134//22/1 (6-0) ਜਮ੍ਹਾਂਬੰਦੀ ਸਾਲ 2015-2016, ਹੱਦਬਸਤ ਨੰ. 44 ਪਿੰਡ ਝਬਾਲ ਕਲਾਂ, ਸਾਹਮਣੇ ਏ ਕੇ ਇੰਟਰਨੈਸ਼ਨਲ ਪੈਲੇਸ, ਖੇਮਕਰਨ ਰੋਡ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਵਿਖੇ ਸਥਿਤ, ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਦਿਲਬਾਗ ਸਿੰਘ ਪੁੱਤਰ ਕਾਲਾ ਸਿੰਘ, ਪੱਛਮ : ਰਸਤਾ, ਉੱਤਰ : ਗੁਰਜੰਟ ਸਿੰਘ ਦਾ ਖਾਲੀ ਪਲਾਟ, ਦੱਖਣ : ਰਸਤਾ

ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਬਕਾਇਆ ਰਕਮ : ਰੁਪਏ 1021072 (ਦਸ ਲੱਖ ਇੱਕੀ ਹਜ਼ਾਰ ਬਹੱਤਰ ਰੁਪਏ ਕੇਵਲ)
22 ਮਈ 2023	28 ਨਵੰਬਰ 2023	

ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ : 1. ਸ੍ਰੀ ਦੀਪਕ ਕੁਮਾਰ ਪੁੱਤਰ ਮੋਹਨ ਲਾਲ ਅਤੇ (2) ਸ੍ਰੀ ਸੰਦੀਪ ਕੁਮਾਰ ਪੁੱਤਰ ਮੋਹਨ ਲਾਲ ਦੋਵੇਂ ਵਾਸੀ ਮਕਾਨ ਨੰ. 347, ਭੇਰਾ ਬਾਬਾ ਨਾਨਕ ਰੋਡ, ਸ਼ੁਕਰਪੁਰਾ, ਤਹਿਸੀਲ ਬਟਾਲਾ, ਗੁਰਦਾਸਪੁਰ-143505, ਨਾਲ ਹੀ : ਮਕਾਨ ਨੰ. ਬੀ-14-0637, ਸ਼ੁਕਰਪੁਰਾ, ਭੇਰਾ ਬਾਬਾ ਨਾਨਕ ਰੋਡ, ਪਿੰਡ ਬਖੇਵਾਲ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ-143505, ਕਰਜ਼ਾ ਖਾਤਾ ਨੰ. ਪੀ ਐੱਚ ਆਰ 0685060379 72

ਜਾਇਦਾਦ ਦਾ ਵੇਰਵਾ : ਬੈਨਾਮਾ ਵਸੀਕਾ ਨੰ. 2021-2022/146/1/156 ਮਿਤੀ 9 ਅਪ੍ਰੈਲ 2021 ਅਨੁਸਾਰ ਦੀਪਕ ਕੁਮਾਰ ਪੁੱਤਰ ਮੋਹਨ ਲਾਲ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਪਲਾਟ ਰਕਬਾ 0-6 ਤੇ ਨਿਰਮਤ ਮਕਾਨ, ਖੇਵਟ ਨੰ. 204, ਖਤੌਨੀ ਨੰ. 288, ਖਸਰਾ ਨੰ. 137 ਮਿੰਨ, ਜਮ੍ਹਾਂਬੰਦੀ ਸਾਲ 2014-2015 ਪਿੰਡ ਬਖੇਵਾਲ, ਹੱਦਬਸਤ ਨੰ. 214, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਿਤ ਨਾਲ ਸੰਬੰਧਤ ਸਭ ਕੁਝ। ਹੱਦਾਂ : (ਬੈਨਾਮੇ ਅਨੁਸਾਰ) ਪੂਰਬ : ਕਰਨੈਲ ਸਿੰਘ ਦੀ ਮਲਕੀਅਤ, ਪੱਛਮ : ਰਸਤਾ/ਗੁਰਮੀਤ ਸਿੰਘ ਮਾਲਕ, ਉੱਤਰ : ਰਸਤਾ, ਦੱਖਣ : ਸਕੂਲ

ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਬਕਾਇਆ ਰਕਮ : ਰੁਪਏ 1724985/- (ਸਤਾਰਾਂ ਲੱਖ ਚੌਵੀ ਹਜ਼ਾਰ ਨੌ ਸੌ ਪਚਾਸੀ ਰੁਪਏ ਕੇਵਲ)
16 ਨਵੰਬਰ 2022	28 ਨਵੰਬਰ 2023	

ਉਕਤ ਦਰਜ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਾਰੰਟਰਾਂ ਨੂੰ ਰਕਮ ਦੀ ਅਦਾਇਗੀ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਂਦਾ ਹੈ। ਨਹੀਂ ਤਾਂ ਰਹਿਣ ਕੀਤੀ ਜਾਇਦਾਦ ਇਸ ਨੋਟਿਸ ਦੀ ਪ੍ਰਕਾਸ਼ਨਾ ਤੋਂ 30 ਦਿਨਾਂ ਦਾ ਸਮਾਂ ਖਤਮ ਹੋ ਜਾਣ 'ਤੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 8 ਤੇ 9 ਦੀਆਂ ਵਿਵਸਥਾਵਾਂ ਅਨੁਸਾਰ ਵੇਚ ਦਿੱਤੀ ਜਾਵੇਗੀ।

ਸਥਾਨ : ਲੁਧਿਆਣਾ, ਮਿਤੀ : 01.12.2023, ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

Public Notice

I, Nirmal Devi W/o Rashpal Singh R/o Jail Road, Bath Wali Gali Gurdaspur, Tehsil/Distt. Gurdaspur, Punjab, declare that is known my name Nirmal Devi and Nirmal Kaur is one and same Person.

ਪਬਲਿਕ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰਣਜੀਤ ਹਸਪਤਾਲ ਵਿੱਚ 1 ਜਨਵਰੀ 2017 ਤੋਂ 31 ਦਸੰਬਰ 2018 ਤੱਕ ਦਾ ਮੈਡੀਕਲ ਰਿਕਾਰਡ ਨਸ਼ਟ ਕੀਤਾ ਜਾ ਰਿਹਾ ਹੈ। ਜਿਸ ਕਿਸੇ ਨੂੰ ਕੋਈ ਪੁੱਛ ਪੜਤਾਲ/ਇਤਰਾਜ਼ ਹੋਵੇ/ਰਿਕਾਰਡ ਦੀ ਮੰਗ ਹੋਵੇ ਤਾਂ ਨੋਟਿਸ ਛਪਣ ਦੇ 10 ਦਿਨਾਂ ਦੇ ਅੰਦਰ-ਅੰਦਰ ਆ ਕੇ ਮਿਲ ਸਕਦਾ ਹੈ। ਬਾਅਦ ਵਿੱਚ ਰਣਜੀਤ ਹਸਪਤਾਲ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਹਸਪਤਾਲ ਪ੍ਰਬੰਧਕ
ਰਣਜੀਤ ਹਸਪਤਾਲ
ਪੁਤਲੀਘਰ, ਜੀ ਟੀ ਰੋਡ, ਅੰਮ੍ਰਿਤਸਰ-9814550550

Court Notice

In the Court of
Ms. Tripat Jot Kaur
Additional Principal Judge Family Court-I, Jalandhar.
CNR No. PBJL 01-011706-2021
Next Date : 20-02-2024
Kuldip Singh S/o Late Sh. Karam Singh R/o H.No. 746 Urban Estate Phase-1, Jalandhar.
Vs.
Darshan Kaur W/o Kuldip Singh D/o Phuman Singh R/o H.No. 7 Kashmir Colony Jalandhar.
Petition Under Section 12 of the Hindu Marriage Act for declaring the marriage of the Parties as null and void.
Publication issued to : Darshan Kaur, Spouse : Kuldip Singh D/o Phuman Singh H.No. 7 Kashmir Colony Jalandhar.
In above titled case the defendant(s)/respondent(s) could not be served. It is ordered that defendant(s) respondent(s) should appear in person or through counsel on 20-02-2024 at 10.00 a.m.
For details logon to https://high-courtchd.gov.in.?trs=district_notice&district=Jalandhar

1-DEC-PAGE-7-advt.qxd 11/30/2023 10:51 PM Page 1

ਗੁਰਦੁਆਰਾ ਸਾਹਿਬ 'ਚ ਨਿਹੱਥੇ ਨਿਹੰਗ ਸਿੰਘਾਂ 'ਤੇ ਗੋਲੀਆਂ ਨਾਲ ਹਮਲਾ ਕਰਨਾ ਅਤਿ ਨਿੰਦਣਯੋਗ : ਲਾਲਕਾ

ਨਾਭਾ (ਵਰਿੰਦਰ ਵਰਮਾ)

ਸ਼੍ਰੋਮਣੀ ਅਕਾਲੀ ਦਲ ਦੇ ਪੁਰਾਣੇ ਆਗੂਆਂ ਵੱਲੋਂ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਵਿੱਚ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ (ਘੋੜਿਆਂ ਵਾਲਾ) ਵਿਖੇ ਇੱਕ ਪ੍ਰੈੱਸ ਕਾਨਫਰੰਸ ਕੀਤੀ ਗਈ, ਜਿਸ ਦਾ ਮੁੱਖ ਵਿਸ਼ਾ ਗੁਰਦੁਆਰਾ ਸੁਲਤਾਨਪੁਰ ਲੋਧੀ ਵਿਖੇ ਨਿਹੱਥੇ ਨਿਹੰਗ ਸਿੰਘਾਂ 'ਤੇ ਗੋਲੀ ਚਲਾਉਣਾ ਰਿਹਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੱਖਣ ਸਿੰਘ ਲਾਲਕਾ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਨੇ ਹੀ ਸਿੱਖ ਸੰਗਤ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ ਹੈ, ਸ਼੍ਰੋਮਣੀ ਅਕਾਲੀ ਦਲ ਨੇ ਸਿੰਘਾਂ 'ਤੇ ਹੋਈਆਂ ਵਧੀਕੀਆਂ ਖਿਲਾਫ ਮੋਰਚੇ ਲਾਏ ਗਏ। ਇਸ ਘਟਨਾ ਨੇ ਜੈਤੋ ਦੇ ਮੋਰਚੇ ਦੀ ਯਾਦ ਤਾਜ਼ਾ ਕੀਤੀ। ਉਨ੍ਹਾਂ ਕਿਹਾ ਕਿ ਜਿਵੇਂ ਉਸ ਅੰਗਰੇਜ਼ ਸਰਕਾਰ ਨੂੰ ਛੱਡ ਕੇ ਭੱਜਣਾ ਪਿਆ, ਇਸ ਸਰਕਾਰ ਨੂੰ ਵੀ ਸਿੱਖਾਂ ਨਾਲ ਕੀਤੀ ਵਧੀਕੀ ਦਾ ਮੁਅਵਜ਼ਾ ਚੁਕਾਉਣਾ ਪਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਮੌਕੇ ਸਵੇਰੇ 4 ਵਜੇ ਅਮ੍ਰਿਤ ਵੇਲੇ ਪਾਠ ਕਰ ਰਹੇ ਨਿਹੱਥੇ ਨਿਹੰਗ ਸਿੰਘਾਂ 'ਤੇ ਗੋਲੀਆਂ ਚਲਾਈਆਂ ਗਈਆਂ ਤੇ ਪੁਲਸ ਮੁਲਾਜ਼ਮਾਂ ਦਾ ਜੁੱਤੀਆਂ ਸਮੇਤ ਗੁਰਦੁਆਰਾ ਸਾਹਿਬ ਵਿੱਚ ਦਾਖਲ ਹੋਣਾ ਇੱਕ ਬਹੁਤ ਹੀ ਘਿਨੌਣੀ ਹਰਕਤ ਹੈ। ਬਿਨਾਂ ਗੱਲੋਂ ਗੁਰਦੁਆਰਾ ਸਾਹਿਬ 'ਤੇ ਹਮਲਾ ਕਰਨਾ ਅਤਿ ਨਿੰਦਣਯੋਗ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਇਹ ਘਟਨਾ ਨੂੰ ਕਦੇ ਵੀ ਨਜ਼ਰ ਅੰਦਾਜ਼ ਨਹੀਂ ਕਰੇਗਾ। ਮੱਖਣ ਸਿੰਘ ਲਾਲਕਾ ਨੇ ਕਿਹਾ ਕਿ ਇਸ ਸਾਰੀ ਘਟਨਾ ਪਿੱਛੇ ਪੰਜਾਬ ਪੁਲਸ ਦੀ ਇੰਨੀ ਵੱਡੀ ਕਾਰਵਾਈ ਤੇ ਇੰਨੇ ਪਵਿੱਤਰ ਦਿਨਾਂ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਦੇ ਇਸ਼ਾਰੇ ਤੋਂ ਬਿਨਾਂ ਸੰਭਵ ਨਹੀਂ ਹੋ ਸਕਦੀ। ਇਹ ਗੋਲੀਬਾਰੀ ਵੀ ਭਗਵੰਤ ਮਾਨ ਦੇ ਕਹਿਣ 'ਤੇ ਹੀ ਚੱਲੀ ਹੈ। ਮੁੱਖ ਮੰਤਰੀ ਜੀ ਨੂੰ ਇਹ ਸਾਰੀ ਗੱਲ ਸੰਗਤ ਨੂੰ ਦੱਸਣੀ ਪਏਗੀ। ਇਸ ਘਟਨਾ ਨੂੰ ਲੈ ਕੇ ਸਿੱਖ ਸੰਗਤ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜੇਕਰ ਇੰਨਸਾਫ ਨਾ ਮਿਲਿਆ ਤਾਂ ਸਿੱਖ ਸੰਗਤ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਵੇਗੀ। ਇਸ ਮੌਕੇ ਗੁਰਦਿਆਲ ਇੰਦਰ ਸਿੰਘ ਬਿੱਲੂ ਸਾਬਕਾ ਚੇਅਰਮੈਨ, ਦਿਹਾਤੀ ਜਥੇਦਾਰ ਗੁਰਮੀਤ ਸਿੰਘ ਕੋਟ, ਸੀਨੀਆਰ ਯੂਥ ਆਗੂ ਜੱਸਾ ਖੋਖ, ਜਥੇਦਾਰ ਬਲਤੇਜ ਸਿੰਘ ਖੋਖ, ਗੁਰਚਰਨ ਸਿੰਘ ਘਮਰੌਦਾ ਸਾਬਕਾ ਚੇਅਰਮੈਨ ਤੇ ਹੋਰ ਅਕਾਲੀ ਆਗੂ ਹਾਜ਼ਰ ਸਨ।

ਵਿਧਾਇਕ ਦੇ ਪਿੰਡ 'ਚ ਇਕੋ ਰਾਤ ਦੋ ਚੋਰੀਆਂ, ਲੋਕਾਂ 'ਚ ਸਹਿਮ ਦਾ ਮਹੌਲ

ਚੋਰੀ ਬਾਰੇ ਜਾਣਕਾਰੀ ਦਿੰਦੇ ਪਿੰਡ ਵਾਸੀ।

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪਿੰਡ ਪੰਡੋਰੀ ਵਿਖੇ ਬੀਤੀ ਰਾਤ ਚੋਰ ਗੁੱਹ ਵੱਲੋਂ ਦੋ ਥਾਵਾਂ 'ਤੇ ਚੋਰੀ ਕਰਕੇ ਭਾਰੀ ਆਰਥਿਕ ਨੁਕਸਾਨ ਪਹੁੰਚਾਇਆ ਗਿਆ ਹੈ। ਜਾਣਕਾਰੀ ਅਨੁਸਾਰ ਪਿੰਡ ਪੰਡੋਰੀ ਦੇ ਨੇੜੇ ਪੈਂਦੇ ਖੇਤ 'ਚ ਇੱਕ ਕਿਸਾਨ ਸਪਿੰਦਰ ਸਿੰਘ ਬੋਪਾਰਾਏ ਵੱਲੋਂ ਲਗਾਏ ਫਲਾਂ ਦੇ ਬਾਗ 'ਚੋਂ ਇੱਕ ਲੱਖ ਦੀ ਲਾਗਤ ਨਾਲ ਬਣਿਆ ਵੱਡਾ ਗੇਟ, ਮੰਜੇ, ਕੁਰਸੀਆਂ ਆਦਿ ਸਾਮਾਨ ਚੋਰੀ ਹੋਣ ਦੀ ਖਬਰ ਮਿਲੀ ਹੈ। ਬਾਗ ਦੀ ਸਾਂਭ ਸੰਭਾਲ ਕਰ ਰਹੇ ਨੌਜਵਾਨ ਨਵਦੀਪ ਸਿੰਘ ਨੇ ਦੱਸਿਆ ਕਿ ਜਦੋਂ ਉਹ ਹਰ ਰੋਜ਼ ਦੀ ਤਰ੍ਹਾਂ ਅੱਜ ਸਵੇਰੇ ਬਾਗ 'ਚ ਗੇੜਾ ਮਾਰਨ ਆਇਆ ਤਾਂ ਗੇਟ ਤੇ ਹੋਰ ਸਾਮਾਨ ਚੋਰੀ ਹੋਣ ਦਾ ਪਤਾ ਲੱਗਾ, ਜਦੋਂ ਉਸ ਨੇ ਤੁਰੰਤ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਵੇਖੀ ਤਾਂ ਇਹ ਚੋਰੀ ਦੀ ਘਟਨਾ ਰਾਤ 1 ਵਜੇ ਦੇ ਕਰੀਬ ਦੀ ਹੈ। ਇਸ ਤਰ੍ਹਾਂ ਹੀ ਪਿੰਡ ਦੇ ਸਿਵਲ ਪਸ਼ੂ ਹਸਪਤਾਲ ਦੇ ਮੁੱਖ ਗੇਟ ਨੂੰ ਲਾਹ ਕੇ ਚੋਰ ਫਰਾਰ ਹੋ ਗਏ। ਆਪ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਜੱਦੀ ਪਿੰਡ ਪੰਡੋਰੀ 'ਚ ਇਕੋ ਰਾਤ 'ਚ ਉਪਰੋਂ ਥਲੀ ਹੋਈਆਂ ਦੋ ਚੋਰੀਆਂ ਕਾਰਨ ਪਿੰਡ ਦੇ ਲੋਕਾਂ 'ਚ ਸਹਿਮ ਦਾ ਮਾਹੌਲ ਬਣ ਗਿਆ ਹੈ। ਚੋਰੀ ਦੀਆਂ ਘਟਨਾਵਾਂ ਬਾਰੇ ਪੁਲਸ ਥਾਣਾ ਮਹਿਲ ਕਲਾਂ ਨੂੰ ਸੂਚਿਤ ਕੀਤਾ ਗਿਆ ਹੈ।

ਪੁਲਸ ਵੱਲੋਂ ਜ਼ਿਲ੍ਹੇ ਅੰਦਰ ਨਸ਼ਿਆਂ ਖਿਲਾਫ ਵੱਡੇ ਪੱਧਰ 'ਤੇ ਸਰਚ ਅਪ੍ਰੇਸ਼ਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਗੌਰਵ ਯਾਦਵ ਆਈ ਡੀ ਜੀ ਪੀ ਪੰਜਾਬ ਵੱਲੋਂ ਸ਼ਰਾਰਤੀ ਅਨਸਰਾਂ ਤੇ ਨਸ਼ਿਆਂ ਖਿਲਾਫ ਪੰਜਾਬ ਅੰਦਰ ਮੁਹਿਮ ਵਿੱਢੀ ਗਈ, ਇਸੇ ਤਹਿਤ ਹੀ ਸ੍ਰੀ ਭਾਗੀਰਥ ਸਿੰਘ ਮੀਨਾ ਐੱਸ ਐੱਸ ਪੀ ਮੁਕਤਸਰ ਸਾਹਿਬ ਦੀ ਅਗਵਾਈ ਹੇਠ ਸੰਜੀਵ ਗੋਇਲ ਡੀ.ਐੱਸ.ਪੀ. (ਡੀ), ਫਤਿਹ ਸਿੰਘ ਬਰਾੜ ਡੀ.ਐੱਸ.ਪੀ (ਮਲੋਟ), ਜਸਬੀਰ ਸਿੰਘ ਡੀ.ਐੱਸ.ਪੀ (ਗਿੱਦੜਬਾਹਾ), ਜਸਪਾਲ ਸਿੰਘ (ਲੰਬੀ), ਸਤਨਾਮ ਸਿੰਘ ਡੀ.ਐੱਸ.ਪੀ (ਸ੍ਰੀ ਮੁਕਤਸਰ ਸਾਹਿਬ) ਤੇ ਸਮੂਹ ਮੁੱਖ ਅਫਸਰਾਨ ਥਾਣਾ ਸਮੇਤ 600 ਦੇ ਕਰੀਬ ਪੁਲਸ ਅਧਿਕਾਰੀਆਂ/ਕ੍ਰਮਚਾਰੀਆਂ ਵੱਲੋਂ ਵੱਖ ਵੱਖ ਟੀਮਾਂ ਬਣਾ ਕੇ ਜ਼ਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ, ਮਲੋਟ, ਗਿੱਦੜਬਾਹਾ ਤੇ ਲੰਬੀ ਦੇ ਪਿੰਡਾਂ ਅਤੇ ਕਸਬਿਆ ਅੰਦਰ ਸਰਚ ਅਪ੍ਰੇਸ਼ਨ ਚਲਾਇਆ ਗਿਆ।

ਸ. ਭਾਗੀਰਥ ਸਿੰਘ ਮੀਨਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਸੀ ਏ ਸ ਓ ਅਪ੍ਰੇਸ਼ਨ ਤਹਿਤ ਜ਼ਿਲ੍ਹਾ ਅੰਦਰ ਨਸ਼ੇ ਵਾਲੇ ਏਰੀਏ, ਸ਼ੱਕੀ ਥਾਵਾਂ ਤੇ ਜਿਨ੍ਹਾਂ ਵਿਅਕਤੀਆਂ, ਪਰ ਪਹਿਲਾਂ ਐੱਨ.ਡੀ.ਪੀ. ਐਕਟ ਦੇ ਮਾਮਲੇ ਦਰਜ ਹਨ, ਉਨ੍ਹਾਂ ਦੇ ਟਿਕਾਣਿਆਂ 'ਤੇ ਸਰਚ ਅਪ੍ਰੇਸ਼ਨ ਚਲਾਇਆ ਗਿਆ, ਇਸ ਸਰਚ ਅਪ੍ਰੇਸ਼ਨ ਦੌਰਾਨ ਏਰੀਏ ਨੂੰ ਨਾਕਾ ਬੰਦੀ ਕਰਕੇ, ਆਉਣ-ਜਾਣ ਵਾਲੇ ਰਸਤਿਆਂ ਨੂੰ ਸੀਲ ਕੀਤਾ ਗਿਆ। ਉਨ੍ਹਾ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਅੱਗੇ ਵੀ ਚਲਾਉਂਦੇ ਰਹਾਂਗੇ ਅਤੇ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ।

ਐੱਸ.ਐੱਸ.ਪੀ. ਨੇ ਦੱਸਿਆ ਕਿ ਇਸ ਸੀ ਏ ਸ ਓ ਪ੍ਰੋਗਰਾਮ ਤਹਿਤ ਪੁਲਸ ਵੱਲੋਂ ਕਾਰਵਾਈ ਕਰਦੇ ਹੋਏ 22 ਵਿਅਕਤੀਆਂ ਨੂੰ ਕਾਬੂ ਕਰ 22 ਮੁਕੱਦਮੇ ਦਰਜ ਕੀਤੇ ਗਏ ਹਨ, ਜਿਨ੍ਹਾਂ ਪਾਸੋਂ 860 ਨਸ਼ੀਲੀਆਂ ਗੋਲੀਆਂ, 1.5 ਕਿੱਲੋ ਪੋਸਤ, 580 ਲੀਟਰ ਲਾਹਣ, 05 ਗ੍ਰਾਮ ਹੈਰੋਇਨ, 110-1/4 ਬੋਤਲਾ ਨਜਾਇਜ਼ ਸ਼ਰਾਬ, 38 ਬੋਤਲਾਂ ਠੇਕਾ ਸ਼ਰਾਬ ਤੇ ਮਾਨਯੋਗ ਅਦਾਲਤ ਵੱਲੋਂ (ਪੀ ਓ) ਘੋਸ਼ਿਤ ਕੀਤੇ ਸੁਖਵਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਖੋਖਰ, ਜਿਸ 'ਤੇ ਮੁਕੱਦਮਾ ਥਾਣਾ ਸਿਟੀ ਮਾਨਸਾ ਦਰਜ ਸੀ, ਜਿਸ ਨੂੰ ਪੁਲਸ ਵੱਲੋਂ ਕਾਬੂ ਕੀਤਾ ਗਿਆ ਹੈ।

ਕਾਤਰਾਂ

ਗੁਰੂ ਕਾਸ਼ੀ ਸਾਹਿਤ ਅਕਾਦਮੀ ਦਾ ਚੋਣ ਅਜਲਾਸ ਹੁਣ 10 ਨੂੰ

ਤਲਵੰਡੀ ਸਾਬੋ (ਪੱਤਰ ਪ੍ਰੇਰਕ)-ਗੁਰੂ ਕਾਸ਼ੀ ਸਾਹਿਤ ਅਕਾਦਮੀ ਦਮਦਮਾ ਸਾਹਿਬ ਪੰਜਾਬ ਦੀ ਕਾਰਜਕਾਰਨੀ ਕਮੇਟੀ ਦੀ ਅਚਨਚੇਤ ਆਨਲਾਈਨ ਮੀਟਿੰਗ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਅਕਾਦਮੀ ਦਾ 2 ਦਸੰਬਰ ਨੂੰ ਹੋਣ ਵਾਲਾ ਚੋਣ ਅਜਲਾਸ ਨਹੀਂ ਹੋਵੇਗਾ, ਜਿਸ ਦਾ ਮੁੱਖ ਕਾਰਨ ਇਹ ਕਿ ਬਠਿੰਡਾ ਵਿਖੇ 1 ਤੋਂ 4 ਦਸੰਬਰ ਨੂੰ ਮੇਲਾ ਜਾਗਦੇ ਜੁਗਨੂੰਆਂ ਦਾ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਅਕਾਦਮੀ ਦੇ ਕੁਝ ਅਹੁਦੇਦਾਰ ਪ੍ਰਬੰਧਕੀ ਟੀਮ ਵਿੱਚ ਤੇ ਅਕਾਦਮੀ ਦੇ ਮੈਂਬਰਾਂ ਦਾ ਬਹੁਤਾ ਹਿੱਸਾ ਉਸ ਮੇਲੇ ਵਿੱਚ ਸ਼ਾਮਲ ਹੋਵੇਗਾ, ਜਿਸ ਕਾਰਨ ਅਕਾਦਮੀ ਦਾ 2 ਦਸੰਬਰ ਨੂੰ ਹੋਣ ਵਾਲਾ ਚੋਣ ਅਜਲਾਸ ਮੁਅੱਤਲ ਕਰਕੇ ਆਉਣ ਵਾਲੀ 10 ਦਸੰਬਰ 2023 ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਸ ਮੌਕੇ ਚੇਅਰਮੈਨ ਪ੍ਰਿੰ. ਬਲਵੀਰ ਸਿੰਘ ਸਨੇਹੀ, ਸੰਸਥਾਪਕ ਪ੍ਰਧਾਨ ਡਾ. ਹਰਗੋਬਿੰਦ ਸਿੰਘ ਸੇਖਪੁਰੀਆ, ਜਨਰਲ ਸਕੱਤਰ ਭੁਪਿੰਦਰ ਸਿੰਘ ਪੰਨੀਵਾਲੀਆ, ਸੰਚਾਲਕ ਸਕੱਤਰ ਗਗਨ ਫੂਲ, ਦਫਤਰ ਸਕੱਤਰ ਗੁਰੀ ਆਦੀਵਾਲ ਤੇ ਸਟੇਜ ਸਕੱਤਰ ਕੰਵਰਜੀਤ ਸਿੰਘ ਹਾਜ਼ਰ ਸਨ।

ਕਾਰੋਬਾਰੀ ਸੰਭਵ ਜੈਨ ਨੂੰ ਗੋਲੀ ਮਾਰਨ ਵਾਲੇ 2 ਗੈਂਗਸਟਰਾਂ ਦਾ ਐਨਕਾਊਂਟਰ

ਲੁਧਿਆਣਾ (ਰਾਜ ਸਿੰਗਲਾ)-ਪਿਛਲੇ ਦਿਨੀਂ ਲੁਧਿਆਣਾ ਦੇ ਮਸ਼ਹੂਰ ਕਾਰੋਬਾਰੀ ਸੰਭਵ ਜੈਨ ਨੂੰ ਦਿਨ ਦਿਹਾੜੇ ਗੈਂਗਸਟਰਾਂ ਵੱਲੋਂ ਕਿਡਨੈਪ ਕਰਕੇ ਬਾਅਦ ਵਿੱਚ ਉਸ ਨੂੰ ਗੋਲੀ ਮਾਰ ਕੇ ਸੁੱਟ ਦਿੱਤਾ ਗਿਆ ਸੀ ਅਤੇ ਇਸ ਘਟਨਾ ਕਾਰਨ ਲੁਧਿਆਣਾ ਵਿੱਚ ਹੀ ਨਹੀਂ, ਬਲਕਿ ਪੂਰੇ ਪੰਜਾਬ ਵਿੱਚ ਸਾਰੇ ਕਾਰੋਬਾਰੀਆਂ ਵਿੱਚ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਸੀ। ਪੁਲਸ ਵੱਲੋਂ ਸੰਭਵ ਜੈਨ ਨੂੰ ਕਿਡਨੈਪ ਕਰਨ ਵਾਲੇ 7 ਵਿਅਕਤੀਆਂ ਵਿੱਚੋਂ 5 ਨੂੰ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ, ਪ੍ਰੰਤੂ 2 ਮੁੱਖ ਸਾਜ਼ਿਸ਼ਕਰਤਾ ਅਜੇ ਫਰਾਰ ਸਨ, ਪ੍ਰੰਤੂ ਅੱਜ ਜਦੋਂ ਪੁਲਸ ਵੱਲੋਂ ਇੱਕ ਨਾਕੇ ਦੌਰਾਨ 2 ਵਿਅਕਤੀਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾਂ ਵੱਲੋਂ ਰੁਕਣ ਦੀ ਬਜਾਏ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ, ਜਿਨ੍ਹਾਂ ਨੂੰ ਜਵਾਬੀ ਕਾਰਵਾਈ ਵਿੱਚ ਪੁਲਸ ਵੱਲੋਂ ਮੌਕੇ 'ਤੇ ਗੋਲੀਬਾਰੀ ਵਿੱਚ ਢੇਰ ਕਰ ਦਿੱਤਾ ਗਿਆ, ਜਿਨ੍ਹਾਂ ਦੀ ਪਛਾਣ ਦੋਵੇਂ ਮੁੱਖ ਸਾਜ਼ਿਸ਼ਕਰਤਾ ਵਜੋਂ ਹੋਈ ਹੈ ਅਤੇ ਇਸ ਮੁੱਠਭੇੜ ਵਿੱਚ ਇੱਕ ਪੁਲਸ ਮੁਲਾਜ਼ਮ ਵੀ ਜ਼ਖਮੀ ਹੋਇਆ ਹੈ।

ਵਿਦਿਆਰਥੀਆਂ ਨੂੰ ਕੋਟੀਆਂ ਵੰਡੀਆਂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਿੰਡ ਉਦੇਕਰਨ ਦੇ ਨੌਵੀਂ ਜਮਾਤ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਬੀਤੇ ਦਿਨੀਂ ਮੁਕਤਸਰ ਆਸ਼ਰਮ ਟਰੱਸਟ ਸ੍ਰੀ ਮੁਕਤਸਰ ਸਾਹਿਬ ਵੱਲੋਂ ਮੁਫ਼ਤ ਕੋਟੀਆਂ ਵੰਡੀਆਂ ਗਈਆਂ। ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਇਕਬਾਲ ਸਿੰਘ ਨੇ ਦੱਸਿਆ ਕਿ ਇਸ ਮੌਕੇ 51 ਵਿਦਿਆਰਥੀਆਂ ਨੂੰ ਗਰਮ ਕੋਟੀਆਂ ਮੁਹੱਈਆ ਕੀਤੀਆਂ ਗਈਆਂ। ਇਸ ਸੇਵਾ ਬਦਲੇ ਸਕੂਲ ਮੁਖੀ ਇਕਬਾਲ ਸਿੰਘ ਤੇ ਸਮੂਹ ਸਟਾਫ਼ ਨੇ ਟਰੱਸਟ ਦੇ ਪ੍ਰਧਾਨ ਅਨਿਲ ਅਹੂਜਾ, ਸਕੱਤਰ ਜਸਪਾਲ ਸੋਨੀ, ਖ਼ਜ਼ਾਨਚੀ ਮਨਿੰਦਰ ਛਾਬੜਾ ਤੇ ਸਮੂਹ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕਲੱਬ ਮੈਂਬਰ ਸੋਨੂੰ ਛਾਬੜਾ, ਰਾਜੇਸ਼ ਜੱਗਾ ਤੇ ਸਕੂਲ ਦਾ ਸਟਾਫ਼ ਮੌਜੂਦ ਸੀ।

ਨਕਦੀ ਖੋਹਣ ਦੇ ਦੋਸ਼ 'ਚ ਦੋ ਵਿਅਕਤੀ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ ਵਿਖੇ ਇੱਕ ਵਿਅਕਤੀ ਤੋਂ ਨਕਦੀ ਖੋਹ ਕੇ ਫਰਾਰ ਹੋਣ ਦੇ ਕਥਿਤ ਮਾਮਲੇ 'ਚ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਭੁਪਿੰਦਰ ਸਿੰਘ ਨਾਮਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਨੇ ਆਪਣੇ ਕੰਮਕਾਰ ਦੇ ਸਬੰਧ 'ਚ ਕਿਸੇ ਨੂੰ ਪੈਸੇ ਦੇਣੇ ਸਨ, ਜਿਸ ਲਈ ਉਹ ਜਦੋਂ ਆਮ ਖਾਸ ਬਾਗ ਨਜ਼ਦੀਕ ਖੜ ਕੇ ਸਟਰੀਟ ਲਾਈਟ ਦੇ ਚਾਨਣ 'ਚ ਪੈਸੇ ਗਿਣ ਰਿਹਾ ਸੀ ਤਾਂ ਮੋਟਰਸਾਈਕਲ 'ਤੇ ਆਏ ਦੋ ਨੌਜਵਾਨਾਂ 'ਚੋਂ ਮੋਟਰਸਾਈਕਲ ਚਾਲਕ ਨੇ ਉਸ ਕੋਲ ਰੁਕ ਕੇ ਲਿੰਕਨ ਕਾਲਜ ਦਾ ਰਸਤਾ ਪੁੱਛਿਆ, ਜਿਸ 'ਤੇ ਉਹ ਜਦੋਂ ਉਨ੍ਹਾਂ ਨੂੰ ਰਸਤਾ ਸਮਝਾਉਣ ਲੱਗਾ ਤਾਂ ਮੋਟਰਸਾਈਕਲ ਪਿੱਛੇ ਬੈਠੇ ਲੰਮੇ ਨੌਜਵਾਨ ਨੇ ਉਸ ਦੇ ਹੱਥ 'ਚ ਫੜੇ 50 ਹਜ਼ਾਰ ਰੁਪਏ ਝਪਟ ਲਏ ਤੇ ਦੋਵੇਂ ਮੋਟਰਸਾਈਕਲ ਸਵਾਰ ਆਮ ਖਾਸ ਬਾਗ ਵੱਲ ਨੂੰ ਫਰਾਰ ਹੋ ਗਏ। ਮਾਮਲੇ ਦੀ ਤਫਤੀਸ਼ ਕਰਦੇ ਹੋਏ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਇਸ ਵਾਰਦਾਤ ਨੂੰ ਅੰਜਾਮ ਦੇਣ ਦੇ ਦੋਸ਼ 'ਚ ਪ੍ਰਿੰਸਦੀਪ ਸਿੰਘ ਵਾਸੀ ਪਿੰਡ ਨੰਡਿਆਲੀ ਤੇ ਸੁਰਿੰਦਰ ਸਿੰਘ ਵਾਸੀ ਪਿੰਡ ਕੋਟਲਾ ਬਜਵਾੜਾ ਨੂੰ ਗ੍ਰਿਫ਼ਤਾਰ ਕਰ ਲਿਆ।

ਜ਼ਰੂਰਤਮੰਦ ਪਰਵਾਰਾਂ ਦੇ 21 ਲੜਕੇ-ਲੜਕੀਆਂ ਦੇ ਕਰਵਾਏ ਸਮੂਹਕ ਵਿਆਹ

■ ਸਪੀਕਰ ਸੰਧਵਾਂ ਵੱਲੋਂ ਸੰਸਥਾ ਨੂੰ 1 ਲੱਖ ਦੀ ਮੱਦਦ ਦਾ ਐਲਾਨ

ਕੋਟਕਪੂਰਾ (ਸ਼ਾਮ ਲਾਲ ਚਾਵਲਾ)

ਕੋਟਕਪੂਰਾ ਸੋਸ਼ਲ ਵੈੱਲਫੇਅਰ ਕੌਂਸਲ ਦੇ ਪ੍ਰਧਾਨ ਮਨਮੋਹਨ ਸ਼ਰਮਾ, ਜਨਰਲ ਸਕੱਤਰ ਮੰਗਾ ਰਾਮ ਗੋਠਵਾਲ ਦੀ ਅਗਵਾਈ ਵਿੱਚ ਤੇ ਨਿਰਮਲਜੀਤ ਸ਼ਰਮਾ ਮੋਗਾ ਦੀ ਪ੍ਰਧਾਨਗੀ ਹੇਠ ਹੋਏ ਜ਼ਰੂਰਤਮੰਦ ਪਰਿਵਾਰਾਂ ਦੇ 21 ਲੜਕੇ-ਲੜਕੀਆਂ ਦੇ ਸਮੂਹਕ ਵਿਆਹ ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪੁੱਜੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੇ ਛੋਟੇ ਭਰਾ ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ ਨੇ ਸੰਸਥਾ ਦੇ ਉਕਤ ਉਪਰਾਲਿਆਂ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਸਪੀਕਰ ਸੰਧਵਾਂ ਦੇ ਅਖਤਿਆਰੀ ਕੋਟੇ ਵਿੱਚੋਂ ਇੱਕ ਲੱਖ ਰੁਪਿਆ ਦੇਣ ਦਾ ਐਲਾਨ ਕੀਤ

1-Dec-PAGE-8.qxd 11/30/2023 11:07 PM Page 1

9 ਨੂੰ ਨੈਸ਼ਨਲ ਹਾਈਵੇ ਜਾਮ ਕਰਕੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ

ਅੱਡਾ ਸਰਾਂ (ਜਸਵੀਰ ਕਾਜਲ)

ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਜ਼ਿਲ੍ਹਾ ਹੁਸ਼ਿਆਰਪੁਰ ਦੇ ਪ੍ਰਧਾਨ ਬਲਵਿੰਦਰ ਸਿੰਘ ਸੰਧੂ ਸੂਬਾ ਆਗੂ ਉਂਕਾਰ ਸਿੰਘ ਢਾਡਾ ਬ੍ਰਾਂਚ ਪ੍ਰਧਾਨ ਸੁਖਵਿੰਦਰ ਸਿੰਘ ਚੁੰਬਰ ਜਰਨਲ ਸਕੱਤਰ ਕੁਲਦੀਪ ਸਿੰਘ ਸੈਣੀ ਨੇ ਇਥੇ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਪਿਛਲੇ ਸਾਲਾਂਬੱਧੀ ਅਰਸ਼ੇ ਤੋਂ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜਮਾਂ ਨੂੰ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜਗਾਰ ਦਾ ਪ੍ਰਬੰਧ ਕਰਵਾਉਣ ਤੱਕ ਪੂਰ ਅਮਨ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਅਤੇ ਜਲ ਸਪਲਾਈ ਵਿਭਾਗ ਦੀ ਮੈਨੇਜਮੇਂਟ ਵੱਲੋਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦਾ ਮੁਕੰਮਲ ਨਿੱਜੀਕਰਨ/ਪੰਚਾਇਤੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਕੇ ਲੋਕਾਂ ਨੂੰ ਮਿਲ ਰਹੀ ਪੀਣ ਵਾਲੇ ਪਾਣੀ ਦੀ ਮੁੱਢਲੀ ਸਹੂਲਤ ਦਾ ਪ੍ਰਬੰਧ ਕਰਨ ਤੋਂ ਭੱਜ ਰਹੀ ਹੈ। ਉਥੇ ਹੀ ਜਲ ਸਪਲਾਈ ਵਿਭਾਗ 'ਚ ਇਕ ਵਰਕਰ ਦੇ ਰੂਪ 'ਚ ਰੈਗੂਲਰ ਮੁਲਾਜਮਾਂ ਦੀ ਤਰ੍ਹਾਂ ਫੀਲਡ 'ਚ ਵਾਟਰ ਸਪਲਾਈ ਸਕੀਮਾਂ ਅਤੇ ਦਫਤਰਾਂ ਵਿਚ ਸਾਲਾਂਬੱਧੀ ਅਰਸੇ ਤੋਂ ਸੇਵਾਵਾਂ ਦੇ ਰਹੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜਮਾਂ ਦੇ ਕੱਚੇ-ਪਿੱਲੇ ਰੁਜਗਾਰ ਨੂੰ ਖੋਹਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਿਸ ਨੂੰ ਯੂਨੀਅਨ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ।

ਉਨ੍ਹਾਂ ਮੰਗ ਕੀਤੀ ਕਿ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ 'ਤੇ ਫੀਲਡ 'ਚ ਅਤੇ ਦਫਤਰਾਂ ਆਦਿ ਵਿੱਚ ਵੱਖ-ਵੱਖ ਪੋਸਟਾਂ 'ਤੇ (ਰੈਗੂਲਰ ਮੁਲਾਜਮਾਂ ਵਾਂਗ) ਪਿਛਲੇ 15 ਤੋਂ 20 ਸਾਲਾਂ ਦੇ ਅਰਸੇ ਤੋਂ ਇਕ ਵਰਕਰ ਦੇ ਰੂਪ 'ਚ ਸੇਵਾਵਾਂ ਦੇ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਮੁਲਾਜਮਾਂ ਨੂੰ ਤਜਰਬੇ ਦੇ ਅਧਾਰ 'ਤੇ ਸਬੰਧਤ ਵਿਭਾਗ 'ਚ ਮਰਜ ਕਰਕੇ ਬਿਨਾਂ ਸ਼ਰਤ ਰੈਗੂਲਰ ਕੀਤਾ ਜਾਵੇ। ਜਿਸ ਲਈ 11-01-2018 'ਚ ਵਿਭਾਗੀ ਅਧਿਕਾਰੀਆਂ ਵੱਲੋਂ ਸਰਕਾਰ ਦੀ ਵਿਉਤਬੰਦੀ ਅਨੁਸਾਰ ਬਣਾਈ ਤਜਵੀਜ (ਪ੍ਰਪੋਜਲ) ਨੂੰ ਲਾਗੂ ਕੀਤਾ ਜਾਵੇ ਜਾਂ ਫਿਰ ਯੂਨੀਅਨ ਦੀਆਂ ਸਿਫਾਰਸਾਂ ਨੂੰ ਅਧਾਰ ਮੰਨ ਕੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜਮਾਂ ਨੂੰ ਵਿਭਾਗ 'ਚ ਸ਼ਾਮਲ ਕਰਕੇ ਪੱਕੇ ਰੁਜਗਾਰ ਦਾ ਪ੍ਰਬੰਧ ਕੀਤਾ ਜਾਵੇ। ਪੰਜਾਬ ਸਰਕਾਰ ਦੇ ਲੈਬਰ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਵਧਾਏ ਗਏ ਰੇਟਾਂ ਦੇ ਮੁਤਾਬਕ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜਮਾਂ ਦੀਆਂ ਉਜਰਤਾਂ ਵਿਚ ਬਣਦਾ ਵਾਧਾ ਕੀਤਾ ਜਾਵੇ ਅਤੇ ਈ.ਪੀ.ਐਫ, ਈ.ਐਸ.ਆਈ ਸਹੂਲਤਾਂ ਦਿੱਤੀਆਂ ਜਾਣ। ਮ੍ਰਿਤਕ ਵਰਕਰਾਂ ਦੇ ਵਾਰਸਾਂ ਨੂੰ ਨੌਕਰੀ ਦਿੱਤੀ ਜਾਵੇ। ਨਹਿਰੀ ਪਾਣੀ ਸਪਲਾਈ ਲਈ ਪ੍ਰਾਈਵੇਟ ਕੰਪਨੀਆਂ ਨਾਲ ਨਹਿਰੀ ਪ੍ਰੋਜੈਕਟ ਲਗਾਉਣ ਲਈ ਕੀਤੇ ਸਮਝੌਤਿਆਂ ਨੂੰ ਰੱਦ ਕੀਤਾ ਜਾਵੇ ਅਤੇ ਇਨ੍ਹਾਂ ਵੱਡੀਆਂ ਕੰਪਨੀਆਂ ਵਲੋਂ ਲਗਾਏ ਜਾ ਰਹੇ 'ਮੈਗਾ ਪ੍ਰੋਜੈਕਟਾਂ' ਨੂੰ ਰੋਕਿਆ ਜਾਵੇ। ਵਿਭਾਗ ਅਧੀਨ ਚੱਲ ਰਹੀਆਂ ਜਲ ਸਪਲਾਈ ਸਕੀਮਾਂ ਦਾ ਜਬਰੀ ਨਿੱਜੀਕਰਨ/ਪੰਚਾਇਤੀਕਰਨ ਕਰਨਾ ਬੰਦ ਕੀਤਾ ਜਾਵੇ ਅਤੇ ਪੰਚਾਇਤਾਂ ਨੂੰ ਹੈਂਡ ਓਵਰ ਕੀਤੀਆਂ ਜਲ ਸਪਲਾਈ ਸਕੀਮਾਂ ਨੂੰ ਮੁੜ ਵਿਭਾਗ ਅਧੀਨ ਕੀਤੀਆਂ ਜਾਣ। ਜਲ ਸਪਲਾਈ ਸਕੀਮਾਂ ਤੇ ਸਕਾਡਾ ਸਿਸਟਮ ਲਗਾਉਣ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਵੇ। ਆਗੂਆਂ ਨੇ ਐਲਾਨ ਕੀਤਾ ਕਿ ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਦੇ ਪਲੇਟਫਾਰਮ ਤੇ ਉਲੀਕੇ ਪ੍ਰੋਗਰਾਮ 9 ਦਸੰਬਰ 2023 ਨੂੰ ਲੁਧਿਆਣਾ ਸਤਲੁਜ ਦਰਿਆ ਲਾਡੋਵਾਲ ਵਿਖੇ ਨੈਸ਼ਨਲ ਹਾਈਵੇ ਜਾਮ ਕੀਤਾ ਜਾਵੇਗਾ। ਜਿਸ ਵਿਚ ਜ਼ਿਲ੍ਹਾ ਹੁਸ਼ਿਆਰਪੁਰ ਦੇ ਜਲ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ ਰਜਿ ਨੰ.31 ਦੇ ਬੈਨਰ ਹੇਠ ਪਰਵਾਰਾਂ ਅਤੇ ਬੱਚਿਆਂ ਸਮੇਤ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

ਮਾਨ ਸਰਕਾਰ ਨੇ ਲਾਅ ਅਫਸਰਾਂ ਦੀ ਭਰਤੀ 'ਚ ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ ਕੀਤਾ : ਚੀਮਾ

ਚੰਡੀਗੜ੍ਹ, (ਗੁਰਜੀਤ ਬਿੱਲਾ)

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਵਿਧਾਨ ਸਭਾ ਵਿੱਚ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲਾਅ ਅਫਸਰਾਂ ਦੀ ਭਰਤੀ ਲਈ ਜਾਰੀ ਇਸ਼ਤਿਹਾਰ ਵਿੱਚ ਪਹਿਲੀ ਵਾਰੀ 58 ਅਸਾਮੀਆਂ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਰੱਖੀਆਂ ਗਈਆਂ ਹਨ ਅਤੇ 178 ਅਸਾਮੀਆਂ ਜਨਰਲ ਕੈਟਰਗੀ ਲਈ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜਿੰਨ੍ਹਾਂ ਕੋਲ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਵੀ ਹੈ, ਤਰਫੋਂ ਨਵਾਂ ਸ਼ਹਿਰ ਦੇ ਵਿਧਾਇਕ ਵੱਲੋਂ ਲਿਆਂਦੇ ਧਿਆਨ ਦਿਵਾਊ ਮਤੇ ਦਾ ਜਵਾਬ ਦਿੰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਉਹ ਸਰਦਾਰ ਭਗਵੰਤ ਸਿੰਘ ਮਾਨ ਦੀ ਸੋਚ ਨੂੰ ਮੈਂ ਸਲਾਮ ਕਰਦੇ ਹਨ ਜਿੰਨ੍ਹਾਂ ਦੀ ਅਗਵਾਈ ਹੇਠ ਇਹ ਅਸਾਮੀਆਂ ਕੁਝ ਦੇਰ ਪਹਿਲਾਂ ਵੀ ਕੱਢੀਆਂ ਗਈਆਂ ਸਨ ਪਰ ਕੁਝ ਤਕਨੀਕੀ ਕਾਰਨਾਂ ਕਰਕੇ ਇਸ ਬਾਰੇ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਰਿਟ ਪਟੀਸ਼ਨ ਦਾਖਿਲ ਹੋ ਗਈ। ਉਨ੍ਹਾਂ ਕਿਹਾ ਕਿ ਹੁਣ ਦੁਬਾਰਾ ਸਾਰੀਆਂ ਅਸਾਮੀਆਂ ਦੀ ਭਰਤੀ ਲਈ 23 ਨਵੰਬਰ 2023 ਨੂੰ ਇਸ਼ਤਿਹਾਰ ਜਾਰੀ ਕੀਤਾ ਗਿਆ ਹੈ ਜਿਸ ਤਹਿਤ ਅਨੁਸੂਚਿਤ ਜਾਤੀਆਂ ਲਈ ਰਾਖਵੀਆਂ ਕੁੱਲ 58 ਅਸਾਮੀਆਂ ਵਿੱਚ 12 ਐਡੀਸ਼ਨਲ ਐਡਵੋਕੇਟ ਜਨਰਲ, 5 ਸੀਨੀਅਰ ਡਿਪਟੀ ਐਡਵੋਕੇਟ ਜਨਰਲ, 16 ਡਿਪਟੀ ਐਡਵੋਕੇਟ ਜਨਰਲ, 23 ਅਸਿਸਟੈਂਟ ਐਡਵੋਕੇਟ ਜਨਰਲ ਅਤੇ 2 ਐਡਵੋਕੇਟ ਆਨ ਰਿਕਾਰਡ ਦੀਆਂ ਅਸਾਮੀਆਂ ਸ਼ਾਮਿਲ ਹਨ। ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਕਈ ਵਾਰ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਨੇ ਰਾਜ ਕੀਤਾ ਪਰ ਸੂਬੇ ਵਿੱਚ 34 ਫੀਸਦੀ ਆਬਾਦੀ ਅਨੁਸੂਚਿਤ ਜਾਤੀ ਦੇ ਲੋਕਾਂ ਦੀ ਹੋਣ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਲਾਅ ਅਫਸਰਾਂ ਦੀ ਨਿਯੁਕਤੀ ਵੇਲੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਕੀਲਾਂ ਲਈ ਰਾਖਵਾਂਕਰਨ ਨਹੀਂ ਕੀਤਾ। ਉਨ੍ਹਾਂ ਕਿਹਾ, "ਜਦੋਂ ਮੈਂ ਪਹਿਲੀ ਵਾਰ ਵਿਧਾਨ ਸਭਾ ਵਿੱਚ ਚੁਣ ਕੇ ਆਇਆ ਸੀ ਤਾਂ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ਪਹਿਲਾ ਬਿੱਲ ਐਡਵੋਕੇਟ ਜਨਰਲ ਦੀ ਅਪਾਇੰਟਮੈਂਟ ਬਾਰੇ ਲੈ ਕੇ ਆਏ ਸਨ ਅਤੇ ਮੈਂ ਪਹਿਲਾ ਪ੍ਰਸ਼ਨ ਮੈਂ ਇਸ ਮੁਕੱਦਸ ਹਾਊਸ ਵਿੱਚ ਇਨ੍ਹਾਂ ਅਸਾਮੀਆਂ ਦੀ ਰਿਜਰਵੇਸ਼ ਬਾਰੇ ਚੁੱਕਿਆ ਸੀ। ਲੇਕਿਨ ਉਸ ਸਮੇਂ ਕਾਂਗਰਸ ਦੀ ਸਰਕਾਰ ਸੀ, ਜੋ ਮੈਂ ਸਮਝਦਾ ਸਦੀਆਂ ਤੋਂ ਦਲਿਤਾਂ ਦੇ ਨਾਂਅ 'ਤੇ ਵੋਟਾਂ ਲੈ ਕੇ ਧੋਖਾ ਕਰਦੀ ਰਹੀ ਹੈ।" ਵਿੱਤ ਮੰਤਰੀ ਨੇ ਕਿਹਾ ਕਿ ਇਹ ਪਹਿਲੀ ਸਰਕਾਰ ਹੈ ਜਿਸ ਨੇ ਪਹਿਲ ਵਾਰ ਪੰਜਾਬ ਦੇ ਉਨ੍ਹਾਂ ਗਰੀਬ ਲੋਕਾਂ ਦੇ ਬੱਚਿਆਂ ਨੂੰ, ਜਿਹੜੇ ਦਿਹਾੜੀ ਕਰਕੇ ਤੇ ਬੜੀ ਮਿਹਨਤ ਮੁਸ਼ੱਕਤ ਕਰਕੇ ਆਪਣੇ ਬੱਚਿਆਂ ਨੂੰ ਵਕੀਲ ਬਣਾਉਂਦੇ ਹਨ ਆਪਣੇ ਬੱਚਿਆਂ ਨੂੰ ਹਾਇਰ ਐਜੂਕੇਸ਼ਨ ਦਿਵਾਉਂਦੇ ਹਨ, ਲਈ ਰਾਖਵਾਂਕਰਨ ਲੈ ਕੇ ਆਈ ਹੈ। ਉਨ੍ਹਾਂ ਕਿਹਾ ਕਿ ਕੁਝ ਦਿਨਾਂ ਦੇ ਅੰਦਰ-ਅੰਦਰ ਇਹ ਪੋਸਟਾਂ ਭਰ ਲਈਆਂ ਜਾਣਗੀਆਂ ਅਤੇ ਇਹ ਐਡਵੋਕੇਟ ਹਾਈਕੋਰਟ ਵਿੱਚ ਆਪਣੀ ਡਿਊਟੀ ਨਿਭਾਉਣਗੇ। ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਦਲਿਤ ਭਾਈਚਾਰੇ ਲਈ ਅੱਜ ਇਤਿਹਾਸਕ ਦਿਨ ਹੈ ਅਤੇ ਉਹ ਜਿੱਥੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਨਾ ਚਾਹੁੰਦੇ ਹਨ ਉਥੇ ਹੀ ਇਹ ਧਿਆਨ ਦਿਵਾਊ ਮਤਾ ਲਿਆਉਣ ਲਈ ਮੈਂਬਰ ਦਾ ਵੀ ਧੰਨਵਾਦ ਕਰਨਾ ਚਾਹੁੰਦੇ ਹਨ।

ਸੇਂਟ ਸੋਲਜਰ ਇਲੀਟ ਸਕੂਲ ਦੇ ਵਿਦਿਆਰਥੀਆਂ ਨੇ ਕਰਾਟੇ ਚੈਂਪੀਅਨਸ਼ਿਪ 'ਚ ਚਮਕਾਇਆ ਨਾਂਅ

ਜਲੰਧਰ, (ਇਕਬਾਲ ਸਿੰਘ ਉੱਭੀ)

ਸੇਂਟ ਸੋਲਜਰ ਇਲੀਟ ਸਕੂਲ, ਮੋਤੀ ਬਾਗ ਦੇ ਵਿਦਿਆਰਥੀਆਂ ਨੇ ਜਲੰਧਰ ਵਿੱਚ ਕਰਵਾਈ ਗਈ ਸੀਕੇਸੀ ਨਾਰਥ ਇੰਡੀਆ ਕਰਾਟੇ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਅਨੁਰਾਧਾ ਤਨੇਜਾ ਨੇ ਦੱਸਿਆ ਕਿ ਇਸ ਮੁਕਾਬਲੇ ਵਿਚ 45 ਸਕੂਲਾਂ ਦੇ 600 ਵਿਦਿਆਰਥੀਆਂ ਨੇ ਭਾਗ ਲਿਆ। ਜਿਸ ਵਿਚ ਸੰਸਥਾ ਦੇ ਵਿਦਿਆਰਥੀਆਂ 7ਵੀਂ ਜਮਾਤ ਦੇ ਕਬੀਰ ਸਿੰਘ ਨੇ ਚਾਂਦੀ ਦਾ ਤਗਮਾ ਅਤੇ ਚੌਥੀ ਜਮਾਤ ਦੀ ਜਾਨਵੀ ਨੇ ਕਾਂਸੀ ਦਾ ਤਗਮਾ ਜਿੱਤਿਆ। ਇਨ੍ਹਾਂ ਵਿਦਿਆਰਥੀਆਂ ਦੀ ਚੋਣ ਸ਼ੋਰੀਨ ਕਾਈ ਇੰਟਰ ਕਲੱਬ ਕਰਾਟੇ ਚੈਂਪੀਅਨਸ਼ਿਪ ਅਤੇ ਐਡਵਾਂਸਡ ਕੁਮਿਟ ਸੈਮੀਨਾਰ ਲਈ ਕੀਤੀ ਗਈ ਹੈ ਜੋ ਦੁਬਈ ਵਿਖੇ ਕਰਵਾਈ ਜਾਣੀ ਹੈ। ਵਾਈਸ ਚੇਅਰਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਲਈ ਖੇਡਾਂ ਬਹੁਤ ਜ਼ਰੂਰੀ ਹਨ, ਇਸ ਨੂੰ ਮੁੱਖ ਰੱਖਦਿਆਂ ਸੰਸਥਾ ਵੱਲੋਂ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਇਲੀਟ ਸਕੂਲ ਵਿੱਚ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨ ਅਤੇ ਵਿਦਿਆਰਥੀਆਂ ਨੂੰ ਸਿਖਲਾਈ ਦੇਣ ਲਈ ਸਕੇਟਿੰਗ, ਕਰਾਟੇ, ਬੈਡਮਿੰਟਨ, ਬਾਸਕਟਬਾਲ, ਡਾਂਸ ਅਤੇ ਜਿੰਮ ਆਦਿ ਦੀਆਂ ਵਿਸ਼ੇਸ਼ ਕਲਾਸਾਂ ਲਗਾਈਆਂ ਜਾਂਦੀਆਂ ਹਨ। ਜਿਸ ਵਿੱਚ ਵਿਦਿਆਰਥੀਆਂ ਨੂੰ ਮਾਹਿਰਾਂ ਵੱਲੋਂ ਸਿਖਲਾਈ ਦਿੱਤੀ ਜਾਂਦੀ ਹੈ।

ਸਾਂਝੇ ਅਧਿਆਪਕ ਮੋਰਚੇ ਦੀ ਰੈਲੀ 'ਚ ਕੋਟ ਫਤੂਹੀ ਬਲਾਕ ਤੋਂ ਸ਼ਾਮਲ ਹੋਣਗੇ ਅਧਿਆਪਕ : ਅਜਨੋਹਾ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਕੋਟ ਫਤੂਹੀ ਬਲਾਕ ਦੇ ਮੁਲਾਜਮਾਂ ਦੀ ਇੱਕ ਅਹਿਮ ਮੀਟਿੰਗ ਜੀ.ਟੀ.ਯੂ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ, ਜਨਰਲ ਸਕੱਤਰ ਉਂਕਾਰ ਸਿੰਘ ਅਤੇ ਵਿੱਤ ਸਕੱਤਰ ਹਰਮਨੋਜ ਕੁਮਾਰ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਪੰਜਾਬ ਸਰਕਾਰ ਵਲੋਂ ਅਧਿਆਪਕਾਂ ਦੀਆਂ ਮੰਗਾਂ ਪ੍ਰਤੀ ਅਪਣਾਈ ਟਾਲਮਟੋਲ ਦੀ ਨੀਤੀ ਦੇ ਖਿਲਾਫ ਆਪਣਾ ਵਿਰੋਧ ਦਰਜ ਕਰਵਾਇਆ ਗਿਆ। ਆਗੂਆਂ ਵਲੋਂ ਆਪਣੇ ਸੰਬੋਧਨ ਦੌਰਾਨ ਕਿਹਾ ਗਿਆ ਕਿ ਸਾਂਝਾ ਅਧਿਆਪਕ ਮੋਰਚੇ ਦੀ ਸੂਬਾ ਕਮੇਟੀ ਵਲੋਂ ਟਾਲਮਟੋਲ ਨੀਤੀ ਤੋਂ ਤੰਗ ਆ ਕੇ ਮੁੱਖ ਮੰਗਾਂ ਜਿਨ੍ਹਾਂ ਵਿੱਚ ਪੁਰਾਣੀ ਪੈਨਸ਼ਨ ਬਹਾਲ ਕਰਨਾ, ਮਹਿੰਗਾਈ ਭੱਤੇ ਸਮੇਤ ਅਨੇਕਾਂ ਬੰਦ ਹੋਏ ਭੱਤਿਆਂ ਨੂੰ ਮੁੜ ਬਹਾਲ ਕਰਾਉਣਾ, ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਅਧਿਆਪਕਾਂ ਦੇ ਹਰ ਕਾਡਰ ਦੀਆਂ ਵਿਭਾਗੀ ਤਰੱਕੀਆਂ ਸਮੇਂ ਸਿਰ ਕਰਵਾਉਣੀਆਂ, ਕੰਪਿਊਟਰ ਅਧਿਆਪਕਾਂ ਨੂੰ ਪਿਕਟਿਸ ਸੋਸਾਇਟੀ ਵਿੱਚੋਂ ਕੱਢ ਕੇ ਸਿੱਖਿਆ ਵਿਭਾਗ ਵਿੱਚ ਪੂਰੇ ਸਕੇਲਾਂ 'ਤੇ ਰੈਗੂਲਰ ਕਰਾਉਣਾ, ਬੰਦ ਹੋਈ ਏਸੀਪੀ ਸਕੀਮ ਨੂੰ ਮੁੜ ਬਹਾਲ ਕਰਾਉਣਾ, ਨਵੀਂ ਸਿੱਖਿਆ ਨੀਤੀ 2020 ਨੂੰ ਰੱਦ ਕਰਵਾ ਕੇ ਮੁੜ ਨਵੀਂ ਸਿੱਖਿਆ ਨੀਤੀ ਦਾ ਪੁਨਰ ਗਠਨ ਕਰਾਉਣਾ, ਕੱਚੇ ਅਧਿਆਪਕਾਂ ਨੂੰ ਪੂਰੇ ਸਕੇਲਾਂ ਤੇ ਰੈਗੂਲਰ ਕਰਾਉਣਾ ਆਦਿ ਸਮੇਤ ਅਨੇਕਾਂ ਹੀ ਮਸਲੇ ਜਿਉਂ ਦੇ ਤਿਉਂ ਹੀ ਖੜੇ ਹਨ ਅਤੇ ਇਨ੍ਹਾਂ ਮੰਗਾਂ ਨੂੰ ਲੈ ਕੇ ਪੰਜਾਬ ਦੇ ਸਿੱਖਿਆ ਮੰਤਰੀ ਦੇ ਵਿਧਾਨ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਦੇ ਪਿੰਡ ਗੰਭੀਰਪੁਰ ਵਿਖੇ ਨੌਂ ਦਸੰਬਰ ਨੂੰ ਰੈਲੀ ਕਰਨ ਦਾ ਐਲਾਨ ਕੀਤਾ ਗਿਆ। ਇਸ ਰੈਲੀ ਵਿੱਚ ਕੋਟ ਫਤੂਹੀ ਬਲਾਕ ਤੋਂ ਅਧਿਆਪਕ ਹਿੱਸਾ ਲੈਣ ਲਈ ਜਾਣਗੇ। ਇਕੱਠ ਵਲੋਂ ਪੰਜਾਬ ਸਰਕਾਰ ਵਿਰੁੱਧ ਜੰਮਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਰਾਜਵਿੰਦਰ ਕੌਰ, ਸਰਬਜੀਤ ਕੌਰ,ਲਵਦੀਪ ਕੌਰ,ਅਬਿਨਾਸ਼ ਕੌਰ,ਅਮਨਜੀਤ ਕੌਰ,ਜਸਪ੍ਰੀਤ ਕੌਰ, ਅਮਨਪ੍ਰੀਤ ਕੌਰ,ਜਤਿੰਦਰ ਸਿੰਘ,ਧਰਮਿੰਦਰ ਸਿੰਘ, ਬਲਵਿੰਦਰ ਸਿੰਘ, ਦੀਪਕ ਕੁਮਾਰ, ਮੁਨੀਸ਼ ਕੁਮਾਰ ਅਤੇ ਸੋਹਣ ਸਿੰਘ ਮੌਜੂਦ ਸਨ।

ਵਿਧਾਇਕ ਚੌਧਰੀ ਨੇ ਵਿਧਾਨ ਸਭਾ 'ਚ ਉਠਾਇਆ ਸਵੈ-ਸਹਾਇਤਾ ਸਹਿਕਾਰੀ ਸਭਾਵਾਂ ਦੀ ਕਰਜ਼ਾ ਮੁਆਫ਼ੀ ਦਾ ਮੁੱਦਾ

ਫਿਲੌਰ, (ਨਿਰਮਲ)

ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਬੁੱਧਵਾਰ ਨੂੰ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੇ ਸਿਫਰ ਕਾਲ ਦੌਰਾਨ ਬੋਲਦਿਆਂ ਸਾਰੀਆਂ ਸਵੈ-ਸਹਾਇਤਾ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਲਈ ਕਿਸਾਨ ਕਰਜ਼ਾ ਮੁਆਫੀ ਸਕੀਮ ਨੂੰ ਲਾਗੂ ਕਰਨ ਦਾ ਮੁੱਦਾ ਉਠਾਇਆ।

1-Dec-PAGE-9.qxd 11/30/2023 11:06 PM Page 1

ਵੱਖ-ਵੱਖ ਬੋਲੀਦਾਤਾਵਾਂ ਨਾਲ ਨੈਗੋਸ਼ੀਏਸ਼ਨ ਦੇ ਬਾਅਦ ਲਗਭਗ 22 ਕਰੋੜ ਰੁਪਏ ਦੀ ਹੋਈ ਬੱਚਤ

ਚੰਡੀਗੜ੍ਹ, (ਕ੍ਰਿਸ਼ਨ ਗਰਗ)

ਹਰਿਆਣਾ ਦੇ ਮੁੱਖ ਮੰਤਰੀ ਮੰਤਰੀ ਮਨੋਹਰ ਦੀ ਅਗਵਾਈ ਹੇਠ ਇੱਥੇ ਹੋਏ ਉੱਚ ਅਧਿਕਾਰ ਪ੍ਰਾਪਤ ਪਰਚੇਜ਼ ਕਮੇਟੀ (ਐਚਪੀਪੀਸੀ) ਅਤੇ ਹਾਈ ਪਾਵਰ ਵਰਕਸ ਪਰਚੇਜ਼ ਕਮੇਟੀ (ਐਚਪੀਡਬਲਿਯੂਪੀਸੀ) ਦੀ ਮੀਟਿੰਗ ਵਿਚ ਲਗਭਗ 2500 ਕਰੋੜ ਰੁਪਏ ਤੋਂ ਵੱਧ ਦੇ ਕਾਨਟ੍ਰੈਕਟ ਅਤੇ ਵੱਖ-ਵੱਖ ਵਸਤੂਆਂ ਦੀ ਖਰੀਦ ਨੂੰ ਮੰਜੂਰੀ ਦਿੱਤੀ ਗਈ। ਮੀਟਿੰਗ ਵਿਚ ਵੱਖ-ਵੱਖ ਬੋਲੀਦਾਤਾਵਾਂ ਨਾਲ ਨੈਗੋਸੀਏਸ਼ਨ ਬਾਅਦ ਦਰਾਂ ਤੈਅ ਕਰ ਕੇ ਲਗਭਗ 22 ਕਰੋੜ ਰੁਪਏ ਦੀ ਬਚੱਤ ਕੀਤੀ ਗਈ ਹੈ। ਮੀਟਿੰਗ ਵਿਚ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਜੇ ਪੀ ਦਲਾਲ, ਊਰਜਾ ਮੰਤਰੀ ਰਣਜੀਤ ਸਿੰਘ, ਸ਼ਹਿਰੀ ਸਥਾਨਕ ਸਰਕਾਰ ਮੰਤਰੀ ਡਾ. ਕਮਲ ਗੁਪਤਾ, ਵਿਕਾਸ ਅਤੇ ਪੰਚਾਇਤ ਮੰਤਰੀ ਦੇਵੇਂਦਰ ਬਬਲੀ ਕਿਰਤ ਰਾਜ ਮੰਤਰੀ ਅਨੁਪ ਧਾਨਕ ਵੀ ਮੌਜੂਦ ਸਨ। ਹਾਈ ਪਾਵਰ ਪਰਚੇਜ ਕਮੇਟੀ ਦੀ ਮੀਟਿੰਗ ਵਿਚ ਪੁਲਸ, ਹਰਿਆਣਾ ਬਿਜਲੀ ਪ੍ਰਸਾਰਣ ਨਿਗਮ ਲਿਮੀਟੇਡ (ਐਚਵੀਪੀਏਨਏਲ), ਉੱਤਰ ਹਰਿਆਣਾ ਬਿਜਲੀ ਵੰਡ ਨਿਗਮ (ਯੂਏਚਬੀਵੀਏਨ), ਟ੍ਰਾਂਸਪੋਰਟ, ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ, ਸ਼ਹਿਰੀ ਸਥਾਨਕ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ 12 ਏਜੰਡੇ ਅਤੇ ਹਾਈ ਪਾਵਰ ਵਰਕਸ ਪਰਚੇਜ ਕਮੇਟੀ ਵਿਚ ਕੁੱਲ 23 ਏਜੰਡੇ ਰੱਖੇ ਗਏ ਅਤੇ ਜਿਆਦਾਤਰ ਏਜੰਡਿਆਂ ਨੂੰ ਮੰਜੂਰੀ ਪ੍ਰਦਾਨ ਕੀਤੀ ਗਈ। ਫਤਿਹਾਬਾਦ ਜ਼ਿਲ੍ਹੇ ਦੇ ਟੋਹਾਨਾ ਵਿਚ 100 ਬਿਸਤਰਿਆਂ ਵਾਲਾ ਹਸਪਤਾਲ ਜਲਦੀ ਬਣ ਕੇ ਤਿਆਰ ਹੋਵੇਗਾ। ਇਸ ਦੇ ਬਨਣ ਦੇ ਬਾਅਦ ਨਾ ਸਿਰਫ ਟੋਹਾਨਾ ਸਗੋ ਨੇੜੇ ਦੇ ਖੇਤਰ ਦੇ ਲੋਕਾਂ ਨੂੰ ਵੀ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਹੋਣਗੀਆਂ। ਇਸ ਸਬੰਧ ਵਿਚ ਮੀਟਿੰਗ ਵਿਚ ਹਸਪਤਾਲ ਦੇ ਨਿਰਮਾਣ ਕੰਮ ਦੇ ਸਬੰਧ ਵਿਚ ਲਗਭਗ 49 ਕਰੋੜ ਰੁਪਏ ਦੇ ਕਾਨਟ੍ਰੈਕਟ ਨੂੰ ਮੰਜੂਰੀ ਪ੍ਰਦਾਨ ਕੀਤੀ ਗਈ। ਇੰਨ੍ਹਾਂ ਤੋਂ ਇਲਾਵਾ, ਮੀਟਿੰਗ ਵਿਚ ਪੁਲਿਸ ਵਿਭਾਗ ਵੱਲੋਂ 52 ਸੀਟਰ 6 ਬੱਸਾਂ ਅਤੇ 32 ਸੀਟਰ 34 ਮਿਨੀ ਬੱਸਾਂ ਦੀ ਖਰੀਦ ਨੂੰ ਮੰਜੂਰੀ ਪ੍ਰਦਾਨ ਕੀਤੀ ਗਈ। 55 ਪੁਲਿਸ ਟਰੂਪ ਕੈਰਿਅਰ ਦੀ ਖਰੀਦ ਦੇ ਪ੍ਰਸਤਾਵ ਨੂੰ ਵੀ ਮੰਜੂਰੀ ਦਿੱਤੀ ਗਈ। ਵਿਕਾਸ ਅਤੇ ਪੰਚਾਇਤ ਲੋਕ ਨਿਰਮਾਣ ਵਿਪਾਗ, ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਤੇ ਹੋਰ ਵਿਭਾਗਾਂ ਦੇ ਇੰਜੀਨੀਅਰਿੰਗ ਵਰਕਸ ਦੇ ਲਈ 343 ਕਰੋੜ ਰੁਪਏ ਦੀ ਸਮੱਗਰੀ ਦੀ ਖਰੀਦ ਨੂੰ ਵੀ ਮੰਜੂਰੀ ਪ੍ਰਦਾਨ ਕੀਤੀ ਗਈ। ਮੀਟਿੰਗ ਵਿਚ ਜ਼ਿਲ੍ਹਾ ਫਰੀਦਾਬਾਦ ਦੇ ਸੈਕਟਰ-78 ਵਿਚ ਕੌਮਾਂਤਰੀ ਕਨਵੈਂਸ਼ਨ ਸੈਂਟਰ ਦੇ ਨਿਰਮਾਣ ਨਾਲ ਸਬੰਧਿਤ ਵੱਖ-ਵੱਖ ਕੰਮਾਂ , ਸੜਕ ਕੰਮ ਸਮੇਤ ਹੋਰ ਵਿਵਿਧ ਭਵਨਾਂ ਸਮੇਂ ਸਿਵਲ ਕੰਮ ਆਦਿ ਦੇ ਲਈ ਲਗਭਗ 350 ਕਰੋੜ ਰੁਪਏ ਤੋਂ ਵੱਧ ਦੇ ਕਾਂਟ੍ਰੈਕਟ ਨੂੰ ਮੰਜੂਰੀ ਪ੍ਰਦਾਨ ਕੀਤੀ ਗਈ। ਕਰਨਾਲ ਸਮਾਰਟ ਸਿਟੀ ਮਿਸ਼ਨ ਤਹਿਤ ਕਰਨਾਲ ਵਿਚ ਖਾਲਸਾ ਚੌਕ ਤੋਂ ਹਰਿਆਣਾ ਨਰਸਿੰਗ ਹੋਮ ਅਤੇ ਵਾਲਮਿਕੀ ਚੌਕ ਤੋਂ ਅੰਬੇਦਕਰ ਚੌਕ ਤਕ ਰੇਲਵੇ ਰੋਡ 'ਤੇ ਫਲਾਈਓਵਰ ਦੇ ਨਿਰਮਾਣ ਦੇ ਸਬੰਧ ਵਿਚ ਲਗਭਗ 122 ਕਰੋੜ ਰੁਪਏ ਅਤੇ ਜ਼ਿਲ੍ਹਾ ਪੰਚਕੂਲਾ ਦੇ ਸੈਕਟਰ 5 ਵਿਚ ਸੂਬਾ ਲਾਇਬ੍ਰੇਰੀ ਭਵਨ ਦੇ ਨਿਰਮਾਣ ਕੰਮ ਦੇ ਲਈ ਲਗਭਗ 12 ਕਰੋੜ ਰੁਪਏ ਦੇ ਕਾਂਟ੍ਰੈਕਟ ਨੂੰ ਮੰਜੂਰੀ ਦਿੱਤੀ ਗਈ। ਮੀਟਿੰਗ ਵਿਚ ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਤੇ ਵਿੱਤ ਕਮਿਸ਼ਨਰ ਮਾਲ ਅਤੇ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਟੀਵੀਏਸਏਨ ਪ੍ਰਸਾਦ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸੁਧੀਰ ਰਾਜਪਾਲ, ਪਸ਼ੂਪਾਲਣ ਅਤੇ ਡੇਅਰੀ ਵਿਭਾਗ ਦੇ ਵਧੀਕ ਮੁੱਖ ਸਕੱਤਰ ਅੰਕੁਰ ਗੁਪਤਾ, ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਰਸਤੋਗੀ, ਵਿਕਾਸ ਅਤੇ ਪੰਚਾਇਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨਿਲ ਮਲਿਕ, ਨਗਰ ਅਤੇ ਗ੍ਰਾਮ ਆਯੋਜਨਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਰੁਣ ਕੁਮਾਰ ਗੁਪਤਾ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਪੁਲਸ ਮਹਾਨਿਦੇਸ਼ਕ ਸ਼ਤਰੂਜੀਤ ਕਪੂਰ, ਬਿਜਲੀ ਨਿਗਮਾਂ ਦੇ ਚੇਅਰਮੈਨ ਪੀ ਕੇ ਦਾਸ, ਮੁੱਖ ਮੰਤਰੀ ਦੇ ਸਲਾਹਕਾਰ (ਸਿੰਚਾਈ) ਦੇਵੇਂਦਰ ਸਿੰਘ, ਹਰਿਆਣਾ ਡਰੋਨ ਇਮੇਜਿੰਗ ਅਤੇ ਇਨਫਰਮੇਸ਼ਨ ਸਿਸਟਮ ਲਿਮਿਟੇਡ ਦੇ ਮੁੱਖ ਕਾਰਜਕਾਰੀ ਅਧਿਕਾਰੀ (ਨਾਮਜਦ) ਟੀਏਲ ਸਤਪ੍ਰਕਾਸ਼ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

ਨਹੀਂ ਹੋਵੇਗਾ ਕੋਈ ਵੀ ਸਕੂਲ ਬਿਨਾਂ ਅਧਿਆਪਕ ਜਾਂ ਸਿੰਗਲ ਟੀਚਰ ਵਾਲਾ : ਬੈਂਸ

ਚੰਡੀਗੜ੍ਹ, (ਗੁਰਜੀਤ ਬਿੱਲਾ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸੂਬੇ ਵਿੱਚ ਸਿਹਤ ਅਤੇ ਸਿੱਖਿਆ ਨੂੰ ਸੱਤਾ ਦਾ ਕੇਂਦਰ ਬਿੰਦੂ ਬਣਾ ਦਿੱਤਾ ਹੈ। ਉਕਤ ਪ੍ਰਗਟਾਵਾ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਇੱਥੇ ਪੰਜਾਬ ਵਿਧਾਨ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਕੀਤਾ। ਵਿਧਾਇਕ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਸਕੂਲ ਸਿੱਖਿਆ ਮੰਤਰੀ ਨੇ ਦੱਸਿਆ ਕਿ 16 ਮਾਰਚ, 2022 ਤੋਂ ਪਹਿਲਾਂ ਪੰਜਾਬ ਰਾਜ ਵਿੱਚ ਬਿਨਾਂ ਅਧਿਆਪਕ ਜਾਂ ਸਿੰਗਲ ਟੀਚਰ ਵਾਲੇ ਸਕੂਲਾਂ ਦੀ ਗਿਣਤੀ 3500 ਤੋਂ ਵੱਧ ਸੀ, ਜੋ ਕਿ ਹੁਣ ਘੱਟ ਕੇ 600 ਦੇ ਕਰੀਬ ਰਹਿ ਗਈ ਹੈ। ਉਹਨਾਂ ਸਦਨ ਨੂੰ ਭਰੋਸਾ ਦਵਾਇਆ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੋਏਗਾ ਜਿੱਥੇ ਸੂਬੇ ਦੇ ਸਾਰੇ ਸਕੂਲਾਂ ਵਿੱਚ 31 ਮਾਰਚ,2024 ਤੱਕ ਕੋਈ ਵੀ ਸਕੂਲ ਬਿਨਾਂ ਅਧਿਆਪਕ ਜਾਂ ਸਿੰਗਲ ਟੀਚਰ ਵਾਲਾ ਨਹੀਂ ਹੋਵੇਗਾ। ਉਹਨਾਂ ਦੱਸਿਆ ਕਿ ਸਾਡੀ ਸਰਕਾਰ ਨੇ ਦੇਸ਼ ਦੇ ਮਹਾਨ ਸ਼ਹੀਦ ਸ. ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਸਕੂਲ ਦਾ ਨਾਂਅ ਸ਼ਹੀਦ ਭਗਤ ਸਿੰਘ ਦੇ ਨਾਂਅ 'ਤੇ ਰੱਖਿਆ ਗਿਆ ਹੈ ਜਿਸ ਬਾਰੇ ਪਿਛਲੇ 70 ਸਾਲਾਂ ਦੌਰਾਨ ਕਿਸੇ ਪਿਛਲੀ ਸਰਕਾਰ ਨੇ ਨਹੀਂ ਸੋਚਿਆ। ਉਹਨਾਂ ਕਿਹਾ ਕਿ ਪੰਜਾਬ ਦੇ ਹਰ ਇੱਕ ਸਰਕਾਰੀ ਸਕੂਲ ਵਿੱਚ ਕੁਝ ਨਾ ਕੁਝ ਨਵਾਂ ਉਸਾਰੀ ਦਾ ਕੰਮ ਚੱਲ ਰਿਹਾ ਹੈ। ਉਹਨਾਂ ਦੱਸਿਆ ਕਿ ਮੇਰੇ ਵਿਧਾਨ ਸਭਾ ਹਲਕਾ ਅਨੰਦਪੁਰ ਸਾਹਿਬ ਅਧੀਨ ਆਉਂਦੇ ਨਾਨਗਰਾਂ ਸਕੂਲ ਨੂੰ 70 ਸਾਲ ਬਾਅਦ ਚਾਰ ਦੀਵਾਰੀ ਨਸੀਬ ਹੋਈ ਹੈ। ਕੈਬਿਨੇਟ ਮੰਤਰੀ ਨੇ ਦੱਸਿਆ ਕਿ ਮੌਜੂਦ ਸਮੇਂ ਸਰਕਾਰੀ ਸਕੂਲਾਂ ਦੀ ਬਾਊਂਡਰੀਵਾਲ ਦੀ ਉਸਾਰੀ ਲਈ 323 ਕਰੋੜ ਰੱਖੇ ਗਏ ਸਨ, ਜਿਸ ਵਿੱਚੋਂ 290 ਕਰੋੜ ਖਰਚ ਹੋ ਗਏ ਹਨ। ਹੋਰ ਜਾਣਕਾਰੀ ਦਿੰਦਿਆਂ ਉਹਨਾਂ ਦੱਸਿਆ ਕਿ ਸੂਬੇ ਦੇ 7654 ਸਕੂਲਾਂ ਵਿੱਚ 1300 ਕਿਲੋਮੀਟਰ ਦੀ ਚਾਰ ਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ, ਜਦਕਿ 10,000 ਨਵੇਂ ਕਮਰੇ ਬਣ ਰਹੇ ਹਨ। ਇਸ ਤੋਂ ਇਲਾਵਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਜਿੱਥੇ ਸਕਿਊਰਟੀ ਤੈਨਾਤ ਕੀਤੇ ਗਏ ਹਨ। ਇਸ ਤੋਂ ਇਲਾਵਾ 31 ਮਾਰਚ, 2024 ਤੱਕ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਵਾਈ-ਫ਼ਾਈ ਸਿਸਟਮ ਲੱਗ ਜਾਵੇਗਾ। ਬੈਂਸ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੇ ਬੰਗਾ ਸ਼ਹਿਰ ਵਿੱਚ ਜਲਦ ਹੀ ਕਰੋੜਾਂ ਰੁਪਏ ਦੀ ਲਾਗਤ ਨਾਲ ਸ਼ਾਨਦਾਰ ਸਕੂਲ ਆਫ਼ ਐਮੀਨੈਂਸ ਬਣਾਇਆ ਜਾਵੇਗਾ। ਉਹਨਾਂ ਕਿਹਾ ਕਿ ਸਾਡੀ ਸਰਕਾਰ ਦਾ ਉਦੇਸ਼ ਮਿਆਰੀ ਸਿੱਖਿਆ ਤੱਕ ਹਰ ਇੱਕ ਦੀ ਪਹੁੰਚ ਕਰਨਾ ਹੈ।

ਸਿੱਖਿਆ ਮੰਤਰੀ ਨੇ ਦੱਸਿਆ ਕਿ ਨੈਸ਼ਨਲ ਇੰਸਟੀਚਿਊਟ ਆਫ਼ ਫ਼ੈਸ਼ਨ ਟੈਕਨਾਲੋਜੀ ਤੋਂ ਸਕੂਲ ਆਫ਼ ਐਮੀਨੈਂਸ ਦੇ ਵਿਦਿਆਰਥੀਆਂ ਦੀ ਵਰਦੀ ਡਿਜ਼ਾਈਨ ਕਰਵਾਈ ਗਈ ਹੈ, ਜਿਸ ਦੀ ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਵੀ ਸਿਫ਼ਤ ਕੀਤੀ ਜਾ ਰਹੀ ਹੈ।

ਵਿਧਾਇਕ ਨੇ ਸੀਵਰੇਜ ਦੇ ਕੰਮਾਂ ਦਾ ਲਿਆ ਜਾਇਜ਼ਾ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਗੰਦੇ ਪਾਣੀ ਦੇ ਨਿਕਾਸ ਲਈ ਪਾਏ ਜਾ ਰਹੇ ਸੀਵਰੇਜ ਕਾਰਨ ਚਾੜਕੇ-ਲੁਹਾਰਾਂ ਰੋਡ ਨਾਲ ਲੱਗਦੇ ਪਿੰਡਾਂ ਦੇ ਲੋਕਾਂ ਨੂੰ ਆਉਣ ਜਾਣ ਵਿੱਚ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕਾਂ ਦੀ ਇਸ ਸਮੱਸਿਆ ਨੂੰ ਦੇਖਦੇ ਹੋਏ ਹੌਲੀ ਚੱਲ ਰਹੇ ਕੰਮ ਦੇ ਮੱਦੇਨਜ਼ਰ ਹਲਕਾ ਆਦਮਪੁਰ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਭੋਗਪੁਰ ਵਿਖੇ ਸੀਵਰੇਜ ਦੇ ਕੰਮਾਂ ਦਾ ਜਾਇਜ਼ਾ ਲਿਆ ਅਤੇ ਜਲਦੀ ਕੰਮ ਕਰਨ ਲਈ ਨਿਰਦੇਸ਼ ਦਿੱਤੇ। ਵਿਧਾਇਕ ਕੋਟਲੀ ਵੱਲੋਂ ਇਹ ਮੁੱਦਾ ਵਿਧਾਨ ਸਭਾ ਵਿੱਚ ਵੀ ਉਠਾਇਆ ਗਿਆ। ਇਸ ਮੌਕੇ ਉਹਨਾਂ ਨਾਲ ਅਸ਼ਵਨ ਭੱਲਾ ਜ਼ਿਲ੍ਹਾ ਵਾਈਸ ਪ੍ਰੈਜੀਡੈਂਟ ਜਲੰਧਰ ਦਿਹਾਤੀ, ਰਾਜ ਕੁਮਾਰ ਰਾਜਾ ਸੀਨੀਅਰ ਕਾਂਗਰਸੀ ਆਗੂ, ਸਤਿੰਦਰ ਸਿੰਘ ਐਸ.ਪੀ, ਕਾਕੂ ਅਰੋੜਾ ਸਾਇੰਸ ਇੰਜੀਨੀਅਰ ਅਤੇ ਮੁਹੱਲਾ ਨਿਵਾਸੀ ਵੀ ਹਾਜਰ ਸਨ।

ਮੰਡੀਆਂ 'ਚ ਕਿਸਾਨਾਂ ਨੂੰ ਨਹੀਂ ਆਉਣ ਦਿੱਤੀ ਜਾ ਰਹੀ ਕੋਈ ਸਮੱਸਿਆ : ਬਰਸਟ

ਸ਼ਾਹਕੋਟ (ਗਿਆਨ ਸੈਦਪੁਰੀ)

ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਨੇ ਪੰਜਾਬ ਮੰਡੀ ਬੋਰਡ ਫੀਲਡ ਅਫਸਰ ਐਸੋਸੀਏਸ਼ਨ ਅਤੇ ਪੰਜਾਬ ਮਾਰਕਿਟ ਕਮੇਟੀਜ ਕਰਮਚਾਰੀ ਯੂਨੀਯਨ ਦੇ ਅਹੁਦੇਦਾਰਾਂ ਨਾਲ ਮੋਹਾਲੀ ਸਥਿਤ ਪੰਜਾਬ ਮੰਡੀ ਬੋਰਡ ਦੇ ਮੁੱਖ ਦਫਤਰ ਵਿੱਚ ਮੰਡੀਆਂ ਵਿੱਚ ਫਸਲਾਂ ਦੀ ਖਰੀਦ, ਲਿਫਟਿੰਗ ਤੇ ਅਦਾਇਗੀ ਦੇ ਸਬੰਧ ਵਿੱਚ ਵਿਸ਼ੇਸ਼ ਬੈਠਕ ਕੀਤੀ ਅਤੇ ਮੰਡੀਆਂ ਵਿੱਚ ਚਲੇ ਖਰੀਦ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਪਹੁੰਚੇ ਅਹੁਦੇਦਾਰਾਂ ਨੇ ਸੀਜਨ ਦੌਰਾਨ ਉਨ੍ਹਾਂ ਨੂੰ ਫੀਲਡ ਲੇਵਲ ਤੇ ਆਉਣ ਵਾਲੀਆਂ ਸਮੱਸਿਆਵਾਂ ਦਾ ਸਮੇਂ ਸਿਰ ਅਤੇ ਸੁਚੱਜੇ ਢੰਗ ਨਾਲ ਨਿਪਟਾਰਾ ਕਰਨ 'ਤੇ ਬਰਸਟ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਕਰਕੇ ਹੀ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਿਆ। ਬਰਸਟ ਨੇ ਦੱਸਿਆ ਕਿ ਪੰਜਾਬ ਦੀਆਂ ਮੰਡੀਆਂ ਵਿੱਚ ਝੋਨੇ ਦੀ ਫਸਲ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾ ਰਹੀ ਹੈ ਅਤੇ ਮੰਡੀਆਂ ਵਿੱਚ ਖਰੀਦ ਦਾ ਕਾਰਜ ਸ਼ੁਰੂ ਹੋਣ ਤੋਂ ਪਹਿਲਾ ਹੀ ਮੰਡੀ ਬੋਰਡ ਵੱਲੋਂ ਪੁਖੱਤਾ ਪ੍ਰਬੰਧ ਕਰ ਲਏ ਗਏ ਸੀ ਤਾਂ ਜੋ ਕਿਸਾਨ ਆਪਣੀ ਫਸਲ ਨੂੰ ਬਿਨਾਂ ਕਿਸੇ ਤੰਗੀ ਤੋਂ ਵੇਚ ਸਕਣ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦਾ ਹਰ ਪੱਖੋਂ ਧਿਆਨ ਰੱਖ ਰਹੀ ਹੈ ਅਤੇ ਉਹਨਾਂ ਦੀ ਬਿਹਤਰੀ ਲਈ ਹਮੇਸ਼ਾ ਕਾਰਜ ਕਰਦੀ ਹੈ। ਉਨ੍ਹਾਂ ਕਿਹਾ ਕਿ

ਮੌਸਮ ਦੀ ਖਰਾਬੀ, ਬੇਮੌਸਮੀ ਬਾਰਿਸ਼ ਅਤੇ ਹੜ੍ਹਾਂ ਦੇ ਬਾਵਜੂਦ ਇਸ ਸਾਲ ਝੋਨੇ ਦੀ ਪੈਦਾਵਾਰ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਬਰਸਟ ਨੇ ਸਾਰੇ ਕਰਮਚਾਰੀਆਂ ਨੂੰ ਇਸੇ ਤਰ੍ਹਾਂ ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣੇ ਕਾਰਜ ਕਰਨ ਲਈ ਪ੍ਰੇਰਿਤ ਕੀਤਾ ਅਤੇ ਨਾਲ ਹੀ ਮੰਡੀ ਬੋਰਡ ਨੂੰ ਆਰਥਿਕ ਤੌਰ 'ਤੇ ਮਜਬੂਤ ਕਰਨ ਦੇ ਲਈ ਸਾਰੇ ਅਫਸਰਾਂ ਅਤੇ ਕਰਮਚਾਰੀਆਂ ਨੂੰ ਯਤਨ ਕਰਨ ਲਈ ਕਿਹਾ। ਉਨ੍ਹਾਂ ਨੇ ਕਰਮਚਾਰੀਆਂ ਨੂੰ ਵਿਸ਼ਵਾਸ ਦਵਾਇਆ ਕਿ ਉਹ ਹਮੇਸ਼ਾ ਉਨ੍ਹਾਂ ਨਾਲ ਖੜ੍ਹੇ ਹਨ।

ਹਰਿਆਣਾ ਸਰਕਾਰ ਨੇ ਸੋਨੀਪਤ ਜ਼ਿਲ੍ਹੇ 'ਚ 2 ਨਵੇਂ ਪੁਲਸ ਸਟੇਸ਼ਨਾਂ ਨੂੰ ਮਨਜ਼ੂਰੀ ਦਿੱਤੀ

ਚੰਡੀਗੜ੍ਹ, (ਕ੍ਰਿਸ਼ਨ ਗਰਗ) - ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਸੋਨੀਪਤ ਜ਼ਿਲ੍ਹੇ ਦੇ ਪਿੰਡ ਬਰੋਟਾ ਅਤੇ ਫਰਮਾਣਾ ਵਿਚ 3 ਨਵੇਂ ਪੁਲਿਸ ਸਟੇਸ਼ਨਾਂ ਦੀ ਸਥਾਪਨਾ ਲਈ ਪ੍ਰਸਾਸ਼ਨਿਕ ਮੰਜੂਰੀ ਦੇ ਦਿੱਤੀ ਹੈ। ਇਹ ਫੈਸਲਾ ਖੇਤਰ ਦੀ ਵੱਧਦੀ ਜਰੂਰਤਾਂ ਦੇ ਜਵਾਬ ਵਿਚ ਲਿਆ ਗਿਆ ਹੈ, ਜਿਸ ਦਾ ਉਦੇਸ਼ ਇਸ ਖੇਤਰ ਦੇ ਨਿਵਾਸੀਆਂ ਲਈ ਸੁਰੱਖਿਆ ਵਧਾਉਣਾ ਹੈ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਇਕ ਸਰਕਾਰੀ ਬੁਲਾਰੇ ਨੇ ਦਸਿਆ ਕਿ ਗ੍ਰਹਿ ਵਿਭਾਗ ਨੇ ਕੁੱਲ ਖੇਤਰਫਲ ਅਤੇ ਆਬਾਦੀ ਸਮੇਤ ਭੌਗੋਲਿਕ ਅਤੇ ਜਨਸਾਂਖਿਅਕੀ ਕਾਰਕਾਂ 'ਤੇ ਵਿਚਾਰ ਕੀਤਾ ਸੀ। ਖਰਖੌਦਾ ਥਾਨੇ ਤਹਿਤ ਆਉਣ ਵਾਲੇ ਪਿੰਡ ਮਹੀਪੁਰ, ਫਰਮਾਣਾ, ਨਿਜਾਮਪੁਰਾ, ਮਾਜਰਾ, ਮੌਜਮਨਗਰ, ਰਿਡਾਊ, ਗੋਰੜ, ਬਿਧਲਾਨਾ, ਸਿਲਾਨਾ ਪਿੰਡ ਨੂੰ ਨਵੇਂ ਪ੍ਰਸਤਾਵਤਘਰਮਾਣਾ ਥਾਨੇ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸੀ ਤਰ੍ਹਾਂ ਖਰਖੌਦਾ ਥਾਨੇ ਦੇ ਤਹਿਤ ਆਉਣ ਵਾਲੇ ਪਿੰਡ ਮੰਡੋਰਾ, ਮੰਡੌਰੀ, ਹਲਾਲਪੁਰ, ਤੁਰਕਪੁਰ, ਝਿਝੌਲੀ ਨੂੰ ਬਰੋਟਾ ਥਾਨੇ ਵਿਚ ਸ਼ਾਮਿਲ ਕੀਤਾ ਗਿਆ ਹੈ। ਬਰੋਟਾ ਵਿਚ ਸਥਾਪਿਤ ਹੋਣ ਵਾਲਾ ਨਵਾਂ ਪੁਲਸ ਸਟੇਸ਼ਨ ਲਗਭਗ 58, 100 ਲੋਕਾਂ ਨੂੰ ਸੇਵਾ ਪ੍ਰਦਾਨ ਕਰੇਗਾ ਜਦੋਂ ਕਿ ਫਰਮਾਣਾ ਪੁਲਿਸ ਸਟੇਸ਼ਨ 'ਤੇ ਕਰੀਬ 77,951 ਲੋਕਾਂ ਦੀ ਸੁਰੱਖਿਆ ਦਾ ਜਿੱਮਾ ਰਹੇਗਾ। ਬੁਲਾਰੇ ਨੇ ਅੱਗੇ ਦਸਿਆ ਕਿ ਹਰਿਆਣਾ ਸਰਕਾਰ ਨੇ ਸਥਾਪਿਤ ਮਾਨਦੰਡਾਂ ਅਤੇ ਰੈਗੂਲੇਸ਼ਨਾਂ ਅਨੁਸਾਰ ਇਹ ਯਕੀਨੀ ਕੀਤਾ ਹੈ ਕਿ ਨਵੇ

1-DEC-PAGE-10.qxd 11/30/2023 10:50 PM Page 1

ਸਹਾਇਕ ਸਿਵਲ ਸਰਜਨ ਖਿਲਾਫ਼ ਵੱਖ-ਵੱਖ ਜਥੇਬੰਦੀਆਂ ਵੱਲੋਂ ਧਰਨਾ

■ ਮੰਗਾਂ ਨਾ ਮੰਨਣ ਤੱਕ ਜ਼ਿਲ੍ਹੇ ਭਰ 'ਚ ਸਿਹਤ ਸੇਵਾਵਾਂ ਠੱਪ ਕਰਕੇ ਸੰਘਰਸ਼ ਜਾਰੀ ਰੱਖਣ ਦੀ ਚਿਤਾਵਨੀ

ਡਾ. ਮਨਦੀਪ ਕੌਰ ਧੰਗੂੜਾ ਖ਼ਿਲਾਫ਼ ਬਦਲੀ ਨੂੰ ਲੈ ਕੇ ਧਰਨੇ ਨੂੰ ਸੰਬੋਧਨ ਕਰਦੇ ਹੋਏ।

ਫਰੀਦਕੋਟ (ਪੱਤਰ ਪ੍ਰੇਰਕ)-ਜ਼ਿਲ੍ਹਾ ਟੀ ਬੀ ਕਲੀਨਿਕ ਫਰੀਦਕੋਟ ਵਿੱਚ ਕੰਮ ਕਰਦੇ ਹਰਮਨਦੀਪ ਅਰੋੜਾ ਨੂੰ ਡਾਕਟਰ ਮਨਦੀਪ ਕੌਰ ਧੰਗੂੜਾ, ਸਹਾਇਕ ਸਿਵਲ ਸਰਜਨ-ਕਮ-ਜ਼ਿਲ੍ਹਾ ਟੀ ਬੀ ਅਫ਼ਸਰ ਵੱਲੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਕਰਕੇ ਖੁਦਕੁਸ਼ੀ ਲਈ ਮਜਬੂਰ ਕੀਤਾ ਗਿਆ ਸੀ। ਵਰਨਣਯੋਗ ਹੈ ਕਿ ਡਾ. ਮਨਦੀਪ ਕੌਰ ਧੰਗੂੜਾ ਤੋਂ ਸਿਹਤ ਵਿਭਾਗ ਵਿੱਚ ਕੰਮ ਕਰਦੇ ਕਲੈਰੀਕਲ ਕਾਮੇ, ਫੀਲਡ ਵਿੱਚ ਕੰਮ ਕਰਦੇ ਪੈਰਾ-ਮੈਡੀਕਲ ਕਾਮੇ, ਮੈਲਟੀਪਰਪਜ਼ ਕਾਮੇ, ਐੱਨ.ਐੱਚ.ਐੱਮ. ਕਾਮੇ ਬੜੇ ਲੰਮੇ ਸਮੇਂ ਤੋਂ ਉਸ ਦੇ ਮਾੜੇ ਵਤੀਰੇ ਕਾਰਨ ਤੇ ਧਮਕੀਆਂ ਭਰੇ ਲਹਿਜ਼ੇ ਤੋਂ ਪ੍ਰੇਸ਼ਾਨ ਚੱਲੇ ਆ ਰਹੇ ਹਨ।ਇਹ ਸਾਰਾ ਮਾਮਲਾ ਪਹਿਲਾਂ ਵੀ ਕਈ ਵਾਰ ਸਿਹਤ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਜਾ ਚੁੱਕਾ ਹੈ, ਪਰ ਇਸ ਅਫ਼ਸਰ ਖ਼ਿਲਾਫ਼ ਕੋਈ ਵੀ ਕਾਰਵਾਈ ਨਹੀਂ ਹੋਈ, ਜਿਸ ਦੇ ਰੋਸ ਵਜੋਂ ਸਿਹਤ ਵਿਭਾਗ ਦੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਸਹਾਇਕ ਸਿਵਲ ਸਰਜਨ ਡਾ. ਮਨਦੀਪ ਕੌਰ ਧੰਗੂੜਾ ਦੇ ਖ਼ਿਲਾਫ਼ ਪਰਜਾ ਦਰਜ ਕਰਨ ਅਤੇ ਜ਼ਿਲ੍ਹੇ ਤੋਂ ਬਾਹਰ ਬਦਲੀ ਕਰਨ ਲਈ ਪਿਛਲੇ ਦਿਨੀਂ ਇਕ ਮੰਗ ਪੱਤਰ ਮਾਨਯੋਗ ਸਿਹਤ ਮੰਤਰੀ ਪੰਜਾਬ ਦੇ ਨਾਮ ਡਾ. ਅਨਿਲ ਗੋਇਲ ਸਿਵਲ ਸਰਜਨ ਫਰੀਦਕੋਟ ਨੂੰ ਸੌਂਪਿਆਂ ਗਿਆ ਸੀ ਤੇ ਉਨ੍ਹਾਂ ਦੁਆਰਾ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਦਿਨ ਮੰਗਲਵਾਰ ਤੱਕ ਇਸ ਅਧਿਕਾਰੀ ਦੀ ਬਦਲੀ ਜ਼ਿਲ੍ਹੇ ਤੋਂ ਬਾਹਰ ਕਰ ਦਿੱਤੀ ਜਾਵੇਗੀ, ਪਰ ਉਕਤ ਡਾਕਟਰ ਦੀ ਬਦਲੀ ਨਾ ਹੋਣ ਕਰਕੇ ਤੇ ਨਾ ਹੀ ਕੋਈ ਕਾਨੂੰਨੀ ਕਾਰਵਾਈ ਹੋਣ ਤੇ ਨਰਾਜ਼ਗੀ ਪ੍ਰਗਟ ਕਰਦਿਆਂ ਰੋਸ ਵਜੋਂ ਜ਼ਿਲ੍ਹਾ ਸਿਹਤ ਵਿਭਾਗ ਵਿੱਚ ਕੰਮ ਕਰਦੇ ਸਮੂਹ ਅਧਿਕਾਰੀਆਂ, ਪੈਰਾ-ਮੈਡੀਕਲ ਕਰਮਚਾਰੀਆਂ, ਦਫ਼ਤਰੀ ਕਰਮਚਾਰੀਆਂ, ਮਲਟੀਪਰਪਜ਼ ਕਾਮਿਆਂ, ਐੱਨ ਐੱਚ ਐੱਮ ਕਰਮਚਾਰੀਆਂ ਤੇ ਟੀ ਬੀ ਵਰਕਰਾਂ ਦੁਆਰਾ ਅੱਜ ਸਾਰੇ ਜ਼ਿਲ੍ਹੇ ਦੀਆਂ ਸਿਰਫ਼ ਐਮਰਜੈਂਸੀ ਸੇਵਾਵਾਂ ਨੂੰ ਛੱਡ ਕੇ ਸਾਰੀਆਂ ਸਿਹਤ ਸੇਵਾਵਾਂ ਬੰਦ ਕਰਕੇ ਜ਼ਿਲ੍ਹੇ ਦੀਆਂ ਹੋਰ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਸਾਂਝੀ ਐਕਸ਼ਨ ਕਮੇਟੀ ਦੇ ਬੈਨਰ ਹੇਠ ਦਫ਼ਤਰ ਸਿਵਲ ਸਰਜਨ ਫਰੀਦਕੋਟ ਵਿਖੇ ਇੱਕ ਵਿਸ਼ਾਲ ਰੋਸ ਧਰਨਾ ਲਗਾਇਆ ਗਿਆ ਤੇ ਨਾਅਰੇਬਾਜ਼ੀ ਕੀਤੀ ਗਈ ਅਤੇ ਪੰਜਾਬ ਸਰਕਾਰ, ਸਿਹਤ ਮੰਤਰੀ, ਸਿਹਤ ਸਕੱਤਰ ਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਤੋਂ ਮੰਗ ਕੀਤੀ ਗਈ ਡਾ. ਮਨਦੀਪ ਕੌਰ ਧੰਗੂੜਾ ਦੀ ਬਦਲੀ ਜ਼ਿਲ੍ਹੇ ਤੋਂ ਬਾਹਰ ਕੀਤੀ ਜਾਵੇ ਤਾਂ ਜੋ ਸਿਹਤ ਸਹੂਲਤਾਂ ਚਾਲੂ ਕੀਤੀਆਂ ਜਾ ਸਕਣ।ਧਰਨੇ ਨੂੰ ਪੀ.ਸੀ.ਐੱਮ.ਐੱਸ. ਦੇ ਜ਼ਿਲ੍ਹਾ ਪ੍ਰਧਾਨ ਡਾ. ਵਿਸ਼ਵਦੀਪ ਗੋਇਲ, ਪੈਰਾ-ਮੈਡੀਕਲ ਦੇ ਜ਼ਿਲ੍ਹਾ ਪ੍ਰਧਾਨ ਸੁਨੀਲ ਸਿੰਗਲਾ, ਫਾਰਮੇਸੀ ਅਫਸਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਚਾਹਲ, ਮਲਟੀਪਰਪਜ਼ ਹੈਲਥ ਵਰਕਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਾਬੂ ਸਿੰਘ, ਕਲੈਰੀਕਲ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਬਿਕਰਮਜੀਤ ਸਿੰਘ ਢਿੱਲੋਂ, ਦਰਜਾਚਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ, ਡਰਾਈਵਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਗਵਿੰਦਰ ਸਿੰਘ, ਮਾਸ ਮੀਡੀਆ ਅਫਸਰਜ਼ ਯੂਨੀਅਨ ਕੁਲਵੰਤ ਸਿੰਘ, ਐੱਨ ਐੱਚ ਐੱਮ ਯੂਨੀਅਨ ਦੇ ਤੇਜਿੰਦਰ ਕੌਰ, ਮਲਟੀਪਰਪਜ਼ ਯੂਨੀਅਨ ਫੀਮੇਲ ਦੀ ਸੂਬਾ ਪ੍ਰਧਾਨ ਮਨਜੀਤ ਕੌਰ, ਭਰਾਤਰੀ ਜਥੇਬੰਦੀਆਂ ਵੱਲੋਂ ਜ਼ਿਲ੍ਹਾ ਪ੍ਰਧਾਨ ਪੰਜਾਬ ਪੈਨਸ਼ਨਰਜ਼ ਯੂਨੀਅਨ ਅਸ਼ੋਕ ਚਾਵਲਾ, ਪ.ਸ.ਸ.ਫ. ਵੱਲੋਂ ਕੁਲਵੰਤ ਸਿੰਘ ਚਾਨੀ, ਸਿਮਰਜੀਤ ਸਿੰਘ ਪੀ.ਆਰ.ਟੀ.ਸੀ. ਆਗੂ, ਸਰਬਜੀਤ ਕੌਰ ਆਂਗਣਵਾੜੀ ਵਰਕਰ ਯੂਨੀਅਨ, ਸਰਬਜੀਤ ਕੌਰ ਆਸ਼ਾ ਵਰਕਰਜ਼ ਤੇ ਫੈਸਲੀਟੇਟਰ ਯੂਨੀਅਨ, ਪਰਮਜੀਤ ਕੌਰ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਸੁਖਜਿੰਦਰ ਸਿੰਘ ਤੂੰਬੜਭੰਨ ਪ੍ਰਧਾਨ ਕਿਸਾਨ ਸਭਾ, ਦੇਸ ਰਾਜ ਪ੍ਰਧਾਨ ਰਿਟਾਇਰਡ ਕਰਮਚਾਰੀ ਯੂਨੀਅਨ ਆਦਿ ਨੇ ਧਰਨੇ ਨੂੰ ਸੰਬੋਧਨ ਕੀਤਾ ਤੇ ਡਾ. ਮਨਦੀਪ ਕੌਰ ਧੰਗੂੜਾ ਦੀ ਤੁਰੰਤ ਜ਼ਿਲ੍ਹੇ ਤੋਂ ਬਾਹਰ ਬਦਲੀ ਕਰਨ ਤੇ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।

ਸ੍ਰੀ ਹੇਮਕੁੰਟ ਸਕੂਲ ਵਿੱਚ ਮਨਾਇਆ ਗਿਆ ਰਾਸ਼ਟਰੀ ਕੈਡਿਟਸ ਦਿਵਸ

ਕੋਟ ਈਸੇ ਖਾਂ (ਅਜੈ ਅਰੋੜਾ)-ਪੰਜਾਬ ਗਰਲਜ਼ ਬਟਾਲੀਅਨ ਮੋਗਾ ਦੇ ਕਮਾਂਡਿੰਗ ਅਫ਼ਸਰ ਕਰਨਲ ਰਾਜਬੀਰ ਸਿੰਘ ਸ਼ਰੋਨ ਦੇ ਦਿਸ਼ਾ ਨਿਰਦੇਸ਼ ਹੇਠ ਸ੍ਰੀ ਹੇਮਕੁੰਟ ਸੀਨੀ. ਸੈਕੰ. ਸਕੂਲ ਵਿੱਚ ਐੱਨ.ਸੀ.ਸੀ. ਕੈਡਿਟਸ ਦੁਆਰਾ 75ਵਾਂ ਰਾਸ਼ਟਰੀ ਕੈਡਿਟਸ ਦਿਵਸ ਮਨਾਇਆ ਗਿਆ। ਇਸ ਮੌਕੇ ਬੀ.ਐੱਚ.ਐੱਮ. ਰਜਿੰਦਰ ਕੁਮਾਰ ਦੀ ਦੇਖ-ਰੇਖ ਹੇਠ ਰਾਸ਼ਟਰੀ ਕੈਡਿਟਸ ਦਿਵਸ ਮੌਕੇ ਐੱਨ.ਸੀ.ਸੀ. ਕੈਡਿਟਸ ਦੁਆਰਾ ਸਵੱਛਤਾ ਸਲੋਗਨ ਮੁਕਾਬਲੇ ਕਰਵਾਏ ਤੇ ਕੈਡਿਟਸ ਨੇ ਇਸ ਦਿਵਸ 'ਤੇ ਪ੍ਰਣ ਲਿਆ ਕਿ ਅਸੀਂ ਆਪਣਾ ਆਲਾ-ਦੁਆਲਾ ਸਾਫ਼-ਸੁਥਰਾ ਰੱਖਾਂਗੇ। ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਸ: ਕੁਲਵੰਤ ਸਿੰਘ ਸੰਧੂ ਤੇ ਐੱਮ. ਡੀ. ਮੈਡਮ ਰਣਜੀਤ ਕੌਰ ਸੰਧੂ ਨੇ ਕੈਡਿਟਸ ਨਾਲ ਆਪਣਾ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਐੱਨ.ਸੀ.ਸੀ. ਦੀ ਸਥਾਪਨਾ 15 ਜੁਲਾਈ 1848 ਈ: ਨੂੰ ਹੋਈ ਇਸ ਲਈ ਉਸ ਦਿਨ ਤੋਂ ਹਮੇਸ਼ਾ ਹੀ ਨਵੰਬਰ ਮਹੀਨੇ ਦੇ ਆਖਰੀ ਐਤਵਾਰ ਨੂੰ ਰਾਸ਼ਟਰੀ ਕੈਡਿਟਸ ਦਿਵਸ ਮਨਾਇਆ ਜਾਂਦਾ ਹੈ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਦਿੱਲੀ ਵਿਖੇ ਪਹਿਲੀ ਐੱਨ.ਸੀ.ਸੀ. ਯੂਨਿਟ ਦੀ ਸਥਾਪਨਾ ਦੇ ਸਮਾਗਮ ਦੀ ਪ੍ਰਧਾਨਗੀ ਵੀ ਇਸ ਦਿਨ ਹੀ ਕੀਤੀ ਸੀ। ਇਸ ਸਮੇਂ ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਤੇ ਵਾਇਸ ਪ੍ਰਿੰਸੀਪਲ ਜਤਿੰਦਰ ਸ਼ਰਮਾ ਨੇ ਕੈਡਿਟਸ ਨੂੰ ਰਾਸ਼ਟਰੀ ਕੈਡਿਟਸ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਸਾਨੂੰ ਹਮੇਸ਼ਾ ਅਨੁਸ਼ਾਸਨ ਦਾ ਪਾਲਣ ਕਰਨਾ ਚਾਹੀਦਾ ਹੈ। ਇਸ ਸਮੇਂ ਏ ਐੱਨ ਓ ਸਿਮਰਨਜੀਤ ਕੌਰ ਹਾਜ਼ਰ ਸਨ।

ਫੈਪ ਵੱਲੋਂ ਦਲਜੀਤ ਸਿੰਘ ਨੂੰ ਕਾਬਲ ਅਧਿਆਪਕ ਦਾ ਐਵਾਰਡ

■ ਸਕੂਲ ਮੈਨੇਜਮੈਂਟ ਨੇ ਵੀ ਕੀਤਾ ਸਨਮਾਨਤ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਗੁਰੂ ਤੇਗ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਾਤੜਾਂ ਦੇ ਅਧਿਆਪਕ ਦਲਜੀਤ ਸਿੰਘ ਨੂੰ ਵਧੀਆ ਅਧਿਆਪਕ ਦਾ ਕੌਮੀ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ ਹੈ। ਕੌਮੀ ਪੱਧਰ ਦੀ ਸੰਸਥਾ ਫੈਪ ਵੱਲੋਂ ਦਿੱਤੇ ਐਵਾਰਡ ਨੂੰ ਲੈ ਕੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਗੁਰੂ ਤੇਗ ਬਹਾਦਰ ਐਜੂਕੇਸ਼ਨ ਟਰੱਸਟ ਦੇ ਚੇਅਰਮੈਨ ਸੁਖਜੀਤ ਸਿੰਘ ਹੈਪੀ ਕਾਲੇਕਾ ਤੇ ਪ੍ਰਿੰਸੀਪਲ ਗੁਰਪ੍ਰੀਤ ਕੌਰ ਦੀ ਅਗਵਾਈ 'ਚ ਸਮੂਹ ਟਰੱਸਟ ਦੇ ਮੈਂਬਰਾਂ ਤੇ ਅਹੁਦੇਦਾਰਾਂ ਵੱਲੋਂ ਅਧਿਆਪਕ ਦਲਜੀਤ ਸਿੰਘ ਨੂੰ ਸਨਮਾਨਤ ਕੀਤਾ ਗਿਆ।

ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਫੈਪ ਵੱਲੋਂ ਕੌਮੀ ਐਵਾਰਡ 2023 ਸਬੰਧੀ ਸਮਾਗਮ ਕਰਵਾਇਆ, ਜਿਸ ਵਿੱਚ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਪਾਤੜਾਂ ਦੇ ਬਹੁਤ ਹੀ ਹੋਣਹਾਰ, ਤਜਰਬੇਕਾਰ, ਮਿਹਨਤੀ ਤੇ ਸਿੱਖਿਆ ਨੂੰ ਸਮਰਪਤ ਭੌਤਿਕ ਵਿਗਿਆਨ ਦੇ ਲੈਕਚਰਾਰ ਦਲਜੀਤ ਸਿੰਘ ਭੁੱਲਰ ਨੂੰ ਕਾਬਲ ਅਧਿਆਪਕ ਦਾ ਐਵਾਰਡ ਦਿੱਤਾ ਗਿਆ ਹੈ। ਉਕਤ ਸਕੂਲ ਦੇ ਚੇਅਰਮੈਨ ਸੁਖਜੀਤ ਸਿੰਘ ਹੈਪੀ ਕਾਲੇਕਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਬਹੁਤੁ ਘੱਟ ਫੀਸਾਂ 'ਤੇ ਮਿਆਰੀ ਵਿੱਦਿਆ ਦਿੱਤੀ ਜਾ ਰਹੀ ਹੈ। ਉਨ੍ਹਾਂ ਦਲਜੀਤ ਸਿੰਘ ਭੁੱਲਰ ਨੂੰ ਵਧਾਈ ਦਿੱਤੀ ਤੇ ਫੈਪ ਦਾ ਧੰਨਵਾਦ ਕੀਤਾ ਕਿ ਫੈਪ ਦਾ ਬਹੁਤ ਸ਼ਲਾਘਾਯੋਗ ਉਪਰਾਲਾ ਹੈ, ਜੋ ਉਹ ਹਰ ਸਮੇਂ 'ਤੇ ਯੋਗ ਅਧਿਆਪਕਾਂ ਦੀ ਹੌਸਲਾ ਅਫ਼ਜ਼ਾਈ ਕਰਦੇ ਹਨ। ਇਸ ਮੌਕੇ ਉੱਪ-ਚੇਅਰਮੈਨ ਗੁਰਬਚਨ ਸਿੰਘ ਮਾਨ, ਗੁਰਪਿੰਦਰ ਸਿੰਘ ਕਾਲੇਕਾ, ਦਰਸ਼ਨ ਸਿੰਘ, ਕਰਨੈਲ ਸਿੰਘ, ਲਾਭ ਸਿੰਘ ਆਦਿ ਮੌਜੂਦ ਸਨ।

ਕਾਤਰਾਂ

ਏ ਡੀ ਸੀ ਸਿਰਸਾ ਵੱਲੋਂ ਵਿਕਸਤ ਭਾਰਤ ਜਨ ਸੰਕਲਪ ਯਾਤਰਾ ਦਾ ਸ਼ਡਿਊਲ ਜਾਰੀ

ਸਿਰਸਾ (ਸੁਰਿੰਦਰ ਪਾਲ ਸਿੰਘ)-ਸਿਰਸਾ ਦੇ ਏ ਡੀ ਸੀ ਡਾ. ਵਿਵੇਕ ਭਾਰਤੀ ਨੇ ਦੱਸਿਆ ਕਿ ਵਿਕਸਤ ਭਾਰਤ ਜਨ ਸੰਕਲਪ ਯਾਤਰਾ ਜ਼ਿਲ੍ਹੇ ਵਿੱਚ 30 ਨਵੰਬਰ ਤੋਂ ਸ਼ੁਰੂ ਹੋਵੇਗੀ ਅਤੇ ਇਸੇ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀਡੀਓ ਕਾਨਫਰੰਸ ਰਾਹੀਂ ਪੂਰੇ ਦੇਸ਼ ਅਤੇ ਸੂਬੇ ਦੇ ਲੋਕਾਂ ਨੂੰ ਸੰਬੋਧਨ ਕਰਨਗੇ।ਉਨ੍ਹਾਂ ਕਿਹਾ ਕਿ ਇਸ ਯਾਤਰਾ ਰਾਹੀਂ ਲੋਕਾਂ ਨੂੰ ਲੋਕ ਭਲਾਈ ਸਕੀਮਾਂ ਦੀ ਜਾਣਕਾਰੀ ਦੇਣ ਦਾ ਕੰਮ ਕੀਤਾ ਜਾਵੇਗਾ ਤਾਂ ਕਿ ਵੱਖ-ਵੱਖ ਲੋਕ ਭਲਾਈ ਸਕੀਮਾਂ ਦਾ ਲਾਭ ਯੋਗ ਵਿਅਕਤੀਆਂ ਨੂੰ ਮੌਕੇ 'ਤੇ ਹੀ ਦਿੱਤਾ ਜਾ ਸਕੇ। ਏ ਡੀ ਸੀ ਨੇ ਕਿਹਾ ਕਿ ਸਬੰਧਤ ਵਿਭਾਗਾਂ ਦੇ ਅਧਿਕਾਰੀ ਯਾਤਰਾ ਸਬੰਧੀ ਸਾਰੇ ਲੋੜੀਂਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣ। ਉਨ੍ਹਾਂ ਮਿੰਨੀ ਸਕੱਤਰੇਤ ਸਥਿਤ ਆਡੀਟੋਰੀਅਮ ਵਿੱਚ ਵਿਕਸਤ ਭਾਰਤ ਸੰਕਲਪ ਯਾਤਰਾ ਸਬੰਧੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਸਾਰੀ ਰੂਪ ਰੇਖਾ ਤਿਆਰ ਕੀਤੀ ਗਈ।

670 ਨਸ਼ੇ ਦੀਆਂ ਗੋਲੀਆਂ ਸਣੇ ਇਕ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਵੈਰੋਕੇ ਦੀ ਪੁਲਸ ਵੱਲੋਂ 670 ਨਸ਼ੇ ਦੀਆਂ ਗੋਲੀਆਂ ਸਣੇ ਇਕ ਵਿਅਕਤੀ ਕਾਬੂ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਚੰਦਰ ਸ਼ੇਖਰ ਪੁਲਸ ਪਾਰਟੀ ਸਮੇਤ ਗਸ਼ਤ ਕਰਦੇ ਹੋਏ ਪਿੰਡ ਕਾਠਗੜ੍ਹ ਵਿਖੇ ਪੁੱਜੇ ਤਾਂ ਸਾਹਮਣੇ ਤੋਂ ਇਕ ਮੋਨਾ ਵਿਅਕਤੀ ਆਪਣੇ ਘਰ ਅੰਦਰੋਂ ਨਿਕਲਿਆ, ਜਿਸ ਦੇ ਇਕ ਹੱਥ ਵਿਚ ਮੋਮੀ ਲਿਫਾਫਾ ਫੜਿਆ ਹੋਇਆ ਸੀ, ਪੁਲਸ ਨੂੰ ਵੇਖ ਕੇ ਇਕਦਮ ਘਬਰਾ ਗਿਆ। ਜਿਸ ਨੂੰ ਪੁਲਸ ਪਾਰਟੀ ਨੇ ਸ਼ੱਕ ਦੇ ਅਧਾਰ 'ਤੇ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਪਾਸੋਂ 670 ਨਸ਼ੇ ਦੀਆਂ ਗੋਲੀਆਂ ਬਰਾਮਦ ਹੋਈਆਂ। ਪੁਲਸ ਨੇ ਸ਼ੰਭਾ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਕਾਠਗੜ੍ਹ ਨੂੰ 670 ਨਸ਼ੇ ਦੀਆਂ ਗੋਲੀਆਂ ਅਤੇ ਇਕ ਮੋਬਾਇਲ ਸਣੇ ਕਾਬੂ ਕਰਕੇ ਉਸ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਚਿੱਟੇ ਸਮੇਤ ਨੌਜਵਾਨ ਕਾਬੂ

ਕਾਲਾਂਵਾਲੀ (ਸੁਰਿੰਦਰ ਪਾਲ ਸਿੰਘ)-ਕਾਲਾਂਵਾਲੀ ਦੇ ਉਪ ਪੁਲਸ ਕਪਤਾਨ ਗੁਰਦਿਆਲ ਸਿੰਘ ਦੀ ਅਗਵਾਈ ਹੇਠ ਨਸ਼ਾ ਤਸਕਰਾਂ ਵਿਰੁੱਧ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ ਤਹਿਤ ਕਾਰਵਾਈ ਕਰਦੇ ਹੋਏ ਕਾਲਾਂਵਾਲੀ ਪੁਲਸ ਨੇ ਗਸ਼ਤ ਦੌਰਾਨ ਪਿੰਡ ਖਤਰਾਵਾਂ ਤੋਂ ਇੱਕ ਨੌਜਵਾਨ ਲੜਕੇ ਨੂੰ 6 ਗ੍ਰਾਮ 75 ਮਿਲੀਗ੍ਰਾਮ ਹੈਰੋਇਨ (ਚਿੱਟੇ) ਅਤੇ ਮੋਟਰਸਾਈਕਲ ਸਮੇਤ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਦਿੰਦਿਆਂ ਸੀ.ਆਈ.ਏ ਕਾਲਾਂਵਾਲੀ ਦੇ ਇੰਚਾਰਜ ਸਬ-ਇੰਸਪੈਕਟਰ ਰਾਜਪਾਲ ਨੇ ਦੱਸਿਆ ਕਿ ਫੜੇ ਗਏ ਨੌਜਵਾਨ ਦੀ ਪਹਿਚਾਣ ਬੱਗਾ ਸਿੰਘ ਪੁੱਤਰ ਭਜਨ ਸਿੰਘ ਵਾਸੀ ਸੁਖਚੈਨ ਵਜੋਂ ਹੋਈ ਹੈ ਅਤੇ ਨੌਜਵਾਨ ਖਿਲਾਫ ਨਸ਼ੀਲੇ ਪਦਾਰਥਾਂ ਦੀਆਂ ਧਾਰਾਵਾਂ ਤਹਿਤ ਤਹਿਤ ਥਾਣਾ ਬਡਾਗੂੜਾ 'ਚ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।ਉਨ੍ਹਾਂ ਦੱਸਿਆ ਕਿ ਸੀ.ਆਈ.ਏ ਕਾਲਾਂਵਾਲੀ ਪੁਲਸ ਦੇ ਹੌਲਦਾਰ ਕ੍ਰਿਸ਼ਨ ਕੁਮਾਰ ਦੀ ਅਗਵਾਈ ਹੇਠ ਇੱਕ ਟੀਮ ਗਸ਼ਤ ਦੌਰਾਨ ਪਿੰਡ ਸੁਖਚੈਨ ਵਿਖੇ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਦੇ ਸਬੰਧ ਵਿੱਚ ਮੌਜੂਦ ਸੀ ਅਤੇ ਜਦੋਂ ਇਸ ਵਿਅਕਤੀ ਦੀ ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲਈ ਗਈ ਤਾਂ ਮੁਲਜ਼ਮ ਬੱਗਾ ਸਿੰਘ ਤੋ ਹੈਰੋਇਨ (ਚਿੱਟਾ) ਬਰਾਮਦ ਹੋਇਆ। ਸਬ-ਇੰਸਪੈਕਟਰ ਨੇ ਦੱਸਿਆ ਕਿ ਫੜੇ ਗਏ ਨੌਜਵਾਨ ਨੂੰ ਅਦਾਲਤ 'ਚ ਪੇਸ਼ ਕਰਕੇ ਰਿਮਾਂਡ 'ਤੇ ਲਿਆ ਕੇ ਉਸ ਕੋਲੋਂ ਹੈਰੋਇਨ ਦੀ ਤਸਕਰੀ ਦੇ ਇਸ ਨੈੱਟਵਰਕ ਨਾਲ ਜੁੜੇ ਹੋਰ ਲੋਕਾਂ ਦੇ ਨਾਂ ਪਤਾ ਕਰਕੇ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਜ਼ਿਲ੍ਹਾ ਪੁਲਸ ਮੁਖੀ ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡੀ ਸੀ ਪੀ ਓ ਸੰਗਰੂਰ ਦੀ ਰਹਿਨੁਮਾਈ ਹੇਠ ਕੁਲਦੀਪ ਸਿੰਘ ਏ ਐਸ ਆਈ ਇੰਚਾਰਜ ਸਾਂਝ ਕੇਂਦਰ ਸਦਰ ਧੂਰੀ ਨਰੇਸ਼ ਕੁਮਾਰ ਹੈਡ ਕਾਂਸਟੇਬਲ, ਸਰਬਜੀਤ ਸਿੰਘ ਕਾ

1-Dec-PAGE-11.qxd 11/30/2023 11:05 PM Page 1

ਪਾਵਰ ਮੈਨਜਮੈਂਟ ਸਹਾਇਕ ਲਾਈਨਮੈਨਾਂ ਦੀਆਂ ਸੇਵਾਵਾਂ ਤੁਰੰਤ ਰੈਗੂਲਰ ਕਰੇ : ਗੰਡੀਵਿੰਡ

ਤਰਨ ਤਾਰਨ (ਨ ਜ਼ ਸ)

ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੀ ਸੂਬਾ ਵਰਕਿੰਗ ਕਮੇਟੀ ਮੀਟਿੰਗ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੂਬਾ ਭਰ ਤੋਂ ਜਥੇਬੰਦੀ ਦੇ ਸਰਕਲ ਪ੍ਰਧਾਨ / ਸਕੱਤਰਾਂ/ਖਜ਼ਾਨਚੀਆਂ / ਜ਼ੋਨ ਕਨਵੀਨਰਾਂ / ਸੂਬਾ ਕਮੇਟੀ ਅਹੁਦੇਦਾਰਾਂ ਤੋਂ ਇਲਾਵਾ ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਆਗੂਆਂ ਨੇ ਭਰਵੀਂ ਸ਼ਮੂਲੀਅਤ ਕੀਤੀ। ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਜਥੇਬੰਦੀ ਦੇ ਸਾਬਕਾ ਸੂਬਾ ਆਗੂ ਕਾਮਰੇਡ ਰਣਜੀਤ ਸਿੰਘ ਬਿੰਝੋਕੀ, ਏਟਕ ਆਗੂ ਰਣਜੀਤ ਸਿੰਘ ਕਲਿਆਣ ਦੇ ਬੇਵਕਤੀ ਵਿਛੋੜੇ 'ਤੇ ਦੁੱਖ ਜ਼ਾਹਰ ਕਰਦਿਆਂ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਮੀਟਿੰਗ ਦੀ ਸ਼ੁਰੂਆਤ 'ਤੇ ਸੂਬਾ ਜਨਰਲ ਸਕੱਤਰ ਸੁਰਿੰਦਰਪਾਲ ਸਿੰਘ ਲਹੌਰੀਆ ਵੱਲੋਂ ਪੇਸ਼ ਕੀਤੇ ਏਜੰਡਿਆਂ 'ਤੇ 24 ਆਗੂਆਂ ਨੇ ਭਖਵੀਂ ਬਹਿਸ ਕਰਦੇ ਹੋਏ 26 ਅਕਤੂਬਰ ਤੋਂ 29 ਅਕਤੂਬਰ ਤੱਕ ਖਜਿਆਰ (ਹਿਮਾਚਲ ਪ੍ਰਦੇਸ਼) ਵਿੱਚ ਲਗਾਏ ਟਰੇਡ ਯੂਨੀਅਨ ਸਕੂਲ ਅਤੇ ਬੀਤੇ ਦਿਨਾਂ ਵਿੱਚ ਮੰਗਾਂ ਦੀ ਪ੍ਰਾਪਤੀ ਲਈ ਲੜੇ ਸਾਂਝੇ ਸੰਘਰਸ਼ਾਂ ਵਿੱਚ ਜਥੇਬੰਦੀ ਵੱਲੋਂ ਪਾਏ ਭਰਵੇਂ ਯੋਗਦਾਨ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਆਗੂਆਂ ਨੇ ਜਥੇਬੰਦੀ ਦੇ ਸਾਬਕਾ ਸੂਬਾ ਪ੍ਰਧਾਨ ਕਾਮਰੇਡ ਭਗਵਾਨ ਸਿੰਘ ਅਣਖੀ ਦੀ 32ਵੀਂ ਬਰਸੀ ਜੋ 6 ਦਸੰਬਰ ਨੂੰ ਪਟਿਆਲਾ ਵਿਖੇ ਮਨਾਈ ਜਾ ਰਹੀ ਹੈ, ਨੂੰ ਕਾਮਯਾਬ ਕਰਨ ਦਾ ਵੀ ਅਹਿਦ ਲਿਆ। ਮੀਟਿੰਗ ਨੇ ਮਤਾ ਪਾਸ ਕਰਕੇ ਪਾਵਰ ਮੈਨਜਮੈਂਟ ਵੱਲੋਂ ਸੀ ਆਰ ਏ 295 /19 ਰਾਹੀਂ ਤਕਰੀਬਨ ਚਾਰ ਸਾਲ ਪਹਿਲਾਂ ਨਵੇਂ ਭਰਤੀ ਕੀਤੇ ਸਹਾਇਕ ਲਾਈਨਮੈਨ ਦੀਆਂ ਸੇਵਾਵਾਂ ਤੁਰੰਤ ਰੈਗੂਲਰ ਕਰਕੇ ਪੂਰੀਆਂ ਤਨਖਾਹਾਂ ਰਲੀਜ਼ ਕਰਨ ਦੀ ਜ਼ੋਰਦਾਰ ਮੰਗ ਕੀਤੀ। ਜਥੇਬੰਦੀ ਨੇ ਪਾਵਰ ਮੈਨਜਮੈਂਟ ਕੋਲੋਂ ਮੰਗ ਕੀਤੀ ਕਿ ਰੋਪੜ ਵੰਡ ਸਰਕਲ ਤੋਂ ਆਰਜ਼ੀ ਤੌਰ 'ਤੇ ਰੋਪੜ ਥਰਮਲ ਪਲਾਂਟ ਵਿੱਚ ਨਿਯੁਕਤ ਕੀਤੇ ਵੱਡੀ ਗਿਣਤੀ ਸਹਾਇਕ ਲਾਈਨਮੈਨਾਂ ਨੂੰ ਉਨ੍ਹਾਂ ਦੀ ਬਣਦੀ ਡਿਊਟੀ 'ਤੇ ਭੇਜਿਆ ਜਾਵੇ। ਇਸ ਮੌਕੇ ਐਫ ਈ ਆਗੂ ਹਰਭਜਨ ਸਿੰਘ ਪਿਲਖਣੀ ਤੋਂ ਇਲਾਵਾ ਜਥੇਬੰਦੀ ਦੇ ਸੂਬਾ ਆਗੂਆਂ ਗੁਰਵਿੰਦਰ ਸਿੰਘ, ਬਲਜੀਤ ਕੁਮਾਰ, ਰਛਪਾਲ ਸਿੰਘ, ਦਰਸ਼ਨ ਲਾਲ, ਬਲਵਿੰਦਰ ਸਿੰਘ ਉਦੀਪੁਰ, ਮਨਜੀਤ ਸਿੰਘ ਬਾਸਰਕੇ, ਗੁਰਧਿਆਨ ਸਿੰਘ, ਬਲਜਿੰਦਰ ਕੌਰ ਡਿਆਲ, ਜ਼ੋਨ ਕਨਵੀਨਰਾਂ ਰਾਕੇਸ਼ ਕੁਮਾਰ ਅਤੇ ਗੁਰਦਿਆਲ ਸਿੰਘ ਬੱਬੂ ਨੇ ਪਾਵਰ ਮੈਨਜਮੈਂਟ ਕੋਲੋਂ ਮੰਗ ਕੀਤੀ ਕਿ ਮੁਲਾਜ਼ਮਾਂ ਦੇ ਸਾਰੇ ਪੈਂਡਿੰਗ ਮਸਲਿਆਂ ਜਿਨ੍ਹਾਂ 'ਤੇ ਮੀਟਿਗਾਂ ਵਿੱਚ ਸਹਿਮਤੀਆਂ ਬਣੀਆਂ ਹਨ, ਦਾ ਤੁਰੰਤ ਨਿਪਟਾਰਾ ਕੀਤਾ ਜਾਵੇ ਨਹੀਂ ਤਾਂ ਸੰਘਰਸ਼ਾਂ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

ਹੈਰੋਇਨ ਤੇ 2500 ਰੁਪਏ ਡਰੱਗ ਮਨੀ ਸਮੇਤ ਔਰਤ ਕਾਬੂ

ਗੁਰਦਾਸਪੁਰ, (ਜਨਕ ਮਹਾਜਨ)- ਥਾਣਾ ਦੀਨਾਨਗਰ ਪੁਲਸ ਨੇ ਨਸ਼ੀਲੇ ਪਦਾਰਥ ਸਮੇਤ ਇਕ ਔਰਤ ਨੂੰ ਗ੍ਰਿਫਤਾਰ ਕਰਨ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਆਈ ਸੁਰਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਨੇੜੇ ਸਮਸ਼ਾਨਘਾਟ ਪਿੰਡ ਡੀਡਾ ਸ਼ਾਂਸੀਆਂ ਮੌਜੂਦ ਸਨ ਕਿ ਇਕ ਔਰਤ ਵਾਸੀ ਡੀਡਾ ਸਾਂਸੀਆਂ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰਕੇ ਲੇਡੀਜ਼ ਸਿਪਾਹੀ ਰਜਵੰਤ ਕੌਰ ਵਲੋਂ ਤਲਾਸ਼ੀ ਲਈ ਗਈ ਤਾਂ ਉਕਤ ਔਰਤ ਪਾਸੋਂ 5 ਗਰਾਮ ਹੈਰੋਇਨ ਅਤੇ 2500 ਰੁਪਏ ਡਰੱਗ ਮਨੀ ਬਰਾਮਦ ਬਰਾਮਦ ਕੀਤੀ ਗਈ। ਥਾਣਾ ਦੀਨਾਨਗਰ ਪੁਲਿਸ ਨੇ ਉਕਤ ਔਰਤ ਖ਼ਿਲਾਫ਼ ਐਨ ਡੀ ਪੀ ਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਦੋਨਾਂ ਦੋਸ਼ਣ ਨੂੰ ਗ੍ਰਿਫਤਾਰ ਕਰ ਲਿਆ ਹੈ।

ਸੁਲਤਾਨਪੁਰ ਲੋਧੀ ਦੀ ਘਟਨਾ ਨੇ ਗ੍ਰਹਿ ਵਿਭਾਗ ਪੰਜਾਬ 'ਤੇ ਕੀਤੇ ਸਵਾਲ ਖੜ੍ਹੇ : ਚਾਵਲਾ

ਗੁਰਦਾਸਪੁਰ, (ਜਨਕ ਮਹਾਜਨ)- ਵਿਧਾਨ ਸਭਾ ਹਲਕਾ ਦੀਨਾਨਗਰ ਦੇ ਸੀਨੀਅਰ ਅਕਾਲੀ ਆਗੂ ਤੇ ਹਲਕਾ ਇੰਚਾਰਜ ਕਮਲਜੀਤ ਸਿੰਘ ਚਾਵਲਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਿਛਲੇ ਦਿਨੀਂ ਸੁਲਤਾਨਪੁਰ ਲੋਧੀ ਵਿਖੇ ਨਿਹੰਗ ਸਿਘਾਂ ਦੇ ਆਪਸੀ ਝਗੜੇ ਨੇ ਸੂਬੇ ਦੇ ਗ੍ਰਹਿ ਵਿਭਾਗ ਉਪਰ ਕਈ ਤਰ੍ਹਾਂ ਦੇ ਪ੍ਰਸ਼ਨ ਚਿੰਨ੍ਹ ਖੜੇ ਕੀਤੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੱਲ ਉਂਗਲਾਂ ਖੜੀਆਂ ਕਰਕੇ ਬਿਆਨਬਾਜ਼ੀ ਕਰਨ ਵਾਲੇ ਲੋਕ ਅੱਜ ਚੁੱਪ ਧਾਰੀ ਬੈਠੇ ਹਨ। ਆਗੂ ਨੇ ਕਿਹਾ ਕਿ ਗੁਰੂ ਘਰ ਵਿਚ ਪੰਜਾਬ ਪੁਲਸ ਵੱਲੋਂ ਜੁੱਤੀਆਂ ਸਮੇਤ ਦਾਖਲ ਹੋ ਕੇ ਗੋਲੀਬਾਰੀ ਕਰਨ ਦੇ ਨਾਲ ਨਾਲ ਬੇਅਦਬੀ ਵੀ ਕੀਤੀ ਗਈ ਹੈ ਜੋ ਇਕ ਨਿੰਦਣਯੋਗ ਘਟਨਾ ਨਾਲ ਸਿੱਖ ਕੌਮ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਨੂੰ ਸੂਬੇ ਦੇ ਗ੍ਰਹਿ ਵਿਭਾਗ ਦੇ ਜਿੰਮੇਵਾਰੀ ਵਿਅਕਤੀ ਨੂੰ ਆਪਣੀ ਅੰਤਰ ਆਤਮਾ ਜ਼ਮੀਰ ਦੀ ਆਵਾਜ਼ ਨਾਲ ਤੁਰੰਤ ਅਸਤੀਫਾ ਦੇਣ ਨਾਲ ਗਲਤ ਪੁਲਸ ਮੁਲਾਜ਼ਮਾਂ ਖ਼ਿਲਾਫ਼ ਲੋੜੀਂਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ ਹਲਕਾ ਵਿਧਾਇਕ ਨੂੰ ਸੌਂਪਿਆ ਮੰਗ ਪੱਤਰ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਪ੍ਰਧਾਨ ਹਰਜਿੰਦਰ ਸਿੰਘ ਚੂੰਘ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂ ਰਛਪਾਲ ਸਿੰਘ ਘੁਰਕਵਿੰਡ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਰਾਣਾ ਮਸੀਹ ਚੂਸਲੇਵੜ, ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਸਕੱਤਰ ਦੇਵੀ ਕੁਮਾਰੀ ਸਰਹਾਲੀ ਅਤੇ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਹੀਰਾ ਸਿੰਘ ਦਰਾਜਕੇ ਦੀ ਅਗਵਾਈ ਹੇਠ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਸੰਬੰਧੀ ਹਲਕਾ ਖੇਮਕਰਨ ਤੋਂ ਵਿਧਾਇਕ ਸਰਵਨ ਸਿੰਘ ਧੁੰਨ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਮੌਕੇ ਇਕੱਤਰ ਹੋਏ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਸਕੱਤਰ ਦੇਵੀ ਕੁਮਾਰੀ ਸਰਹਾਲੀ ਅਤੇ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਹੀਰਾ ਸਿੰਘ ਦਰਾਜਕੇ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਹਲਕਾ ਵਿਧਾਇਕ ਨੂੰ ਸੌਂਪੇ ਮੰਗ ਪੱਤਰ ਰਾਹੀਂ ਪੰਜਾਬ ਸਰਕਾਰ ਕੋਲੋਂ ਲੋੜਵੰਦ ਮਜ਼ਦੂਰਾਂ ਨੂੰ ਦਸ-ਦਸ ਮਰਲਿਆਂ ਦੇ ਪਲਾਟ ਅਲਾਨ ਕਰਨ, ਪਲਾਟਾਂ ਦੀ ਉਸਾਰੀ ਲਈ ਪੰਜ ਲੱਖ ਰੁਪਏ ਗ੍ਰਾਂਟ ਮੁਹੱਈਆ ਕਰਵਾਉਣ, ਕਾਂਗਰਸ ਸਰਕਾਰ ਵੇਲੇ ਕੱਟੇ ਹੋਏ ਪਲਾਟਾਂ ਦੇ ਕਬਜ਼ੇ ਮਜ਼ਦੂਰਾਂ ਨੂੰ ਤੁਰੰਤ ਦਿਵਾਉਣ, ਮਨਰੇਗਾ ਸਕੀਮ ਤਹਿਤ ਸਾਰੇ ਪਰਵਾਰ ਨੂੰ ਸਾਰਾ ਸਾਲ ਕੰਮ ਦੇਣ, ਮਨਰੇਗਾ ਦੀ ਦਿਹਾੜੀ 700 ਰੁਪਏ ਦੇਣ ਦੀ ਮੰਗ ਕੀਤੀ ਗਈ ਹੈ। ਉਪਰੋਕਤ ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ 9,10 ਅਤੇ 11 ਦਸੰਬਰ ਨੂੰ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਦੇ ਘਰ ਅੱਗੇ ਤਿੰਨ ਦਿਨ ਵਿਸ਼ਾਲ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਮੋਰਚੇ ਦੇ ਸੀਨੀਅਰ ਆਗੂ ਸੰਤੋਖ ਸਿੰਘ ਮੱਖੀ ਕਲਾਂ, ਮਨਦੀਪ ਕਲਸੀ, ਅੰਗਰੇਜ਼ ਸਿੰਘ ਲੱਧੂ, ਸਵਿੰਦਰ ਸਿੰਘ ਚੱਕ, ਡਾ. ਬਲਕਾਰ ਸਿੰਘ ਮਾੜੀਗੌੜ ਸਿੰਘ, ਗੁਰਦੀਪ ਸਿੰਘ ਭਿੱਖੀਵਿੰਡ, ਹੀਰਾ ਸਿੰਘ ਕੰਬੋਕੇ, ਚਰਨਜੀਤ ਸਿੰਘ ਪੂਹਲਾ, ਸੁਖਦੇਵ ਸਿੰਘ ਕੋਟ ਆਦਿ ਆਗੂ ਹਾਜ਼ਰ ਸਨ।

ਮੋਟਰਸਾਈਕਲ ਸਵਾਰ ਨੇ ਝੋਨੇ ਦੀਆਂ ਬੋਰੀਆਂ ਕੀਤੀਆਂ ਚੋਰੀ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)

ਹਲਕਾ ਦੀਨਾਨਗਰ ਵਾਰਡ ਨੰਬਰ 10 ਕੋਠੇ ਪੰਜਾਬ ਸਿੰਘ ਵਿਚ ਇੱਕ ਘਰ ਦੇ ਨਾਲ ਲੱਗਦੀ ਹਵੇਲੀ 'ਚੋਂ ਦਿਨ ਦਿਹਾੜੇ ਇੱਕ ਮੋਟਰਸਾਈਕਲ ਸਵਾਰ ਵੱਲੋਂ ਝੋਨੇ ਦੀਆਂ ਦੋ ਬੋਰੀਆਂ ਨੂੰ ਚੋਰੀ ਕਰਕੇ ਲੈ ਕੇ ਜਾਣ ਦੀ ਖਬਰ ਪ੍ਰਾਪਤ ਹੋਈ ਹੈ। ਚੋਰ ਵਲੋਂ ਝੋਨੇ ਦੀਆਂ ਬੋਰੀਆਂ ਨੂੰ ਮੋਟਰਸਾਈਕਲ ਪਿੱਛੇ ਰੱਖ ਲੈ ਕੇ ਜਾਂਦੇ ਹੋਏ ਦੀ ਫੋਟੋ ਸੀਸੀਟੀਵੀ ਕੈਮਰੇ 'ਚ ਕੈਦ ਹੋ ਗਈ। ਜਾਣਕਾਰੀ ਦਿੰਦੇ ਹੋਏ ਕਿਸਾਨ ਬਲਜਿੰਦਰ ਸਿੰਘ ਨੇ ਦੱਸਿਆ ਕਿ ਝੋਨੇ ਦੀ ਫਸਲ ਦੀਆਂ ਦੋ ਟਰਾਲੀਆਂ ਲਿਆ ਕੇ ਘਰ ਦੇ ਨਾਲ ਲੱਗਦੀ ਹਵੇਲੀ ਵਿੱਚ ਰੱਖੀ ਹੋਈ ਸੀ। ਇਨ੍ਹਾਂ ਝੋਨੇ ਦੀਆਂ ਟਰਾਲੀਆਂ ਨੂੰ ਮੰਡੀ ਵਿੱਚ ਲੈ ਕੇ ਜਾਣਾ ਸੀ। ਜਿਸ ਵਿੱਚ ਇੱਕ ਟਰਾਲੀ ਵਿੱਚ ਝੋਨਾ ਖੁੱਲ੍ਹਾ ਰੱਖਿਆ ਹੋਇਆ ਸੀ ਅਤੇ ਦੂਜੀ ਟਰਾਲੀ ਵਿੱਚ ਝੋਨੇ ਨੂੰ ਬੋਰੀਆਂ 'ਚ ਬੰਨ੍ਹ ਕੇ ਰੱਖਿਆ ਹੋਇਆ ਸੀ। ਉਨ੍ਹਾਂ ਦੱਸਿਆ ਕਿ ਜਿਸ ਟਰਾਲੀ ਵਿੱਚ ਝੋਨੇ ਦੀਆਂ ਬੋਰੀਆਂ ਬੰਨ੍ਹੀਆਂ ਹੋਈਆਂ ਸਨ। ਉਨ੍ਹਾਂ ਬੋਰੀਆਂ ਵਿੱਚੋਂ ਦੋ ਬੋਰੀਆਂ ਗਾਇਬ ਹੋ ਗਈਆਂ। ਜਦੋਂ ਆਸ-ਪਾਸ ਦੇ ਸੀਸੀਟੀਵੀ ਕੈਮਰੇ ਚੈੱਕ ਕੀਤੇ ਤਾਂ ਉਸ ਚੋਂ ਪਤਾ ਲੱਗਿਆ ਕਿ ਇਕ ਨੌਜਵਾਨ ਮੋਟਰਸਾਈਕਲ ਪਿੱਛੇ ਝੋਨੇ ਦੀ ਬੋਰੀ ਨੂੰ ਚੋਰੀ ਕਰ ਕੇ ਲਿਜਾ ਰਿਹਾ ਸੀ। ਉਨ੍ਹਾਂ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਵਿਅਕਤੀ ਨੂੰ ਜਲਦੀ ਤੋਂ ਜਲਦੀ ਕਾਬੂ ਕੀਤਾ ਜਾਵੇ ਅਤੇ ਬਣਦੀ ਕਾਰਵਾਈ ਕੀਤੀ ਜਾਵੇ।

ਸਪਾਰਕ ਮੇਲੇ ਸੰਬੰਧੀ ਅਮਿਤ ਮਹਾਜਨ ਨੇ ਕੀਤੀ ਮੀਟਿੰਗ

ਜਲੰਧਰ, (ਸੁਰਿੰਦਰ ਕੁਮਾਰ)

ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਤੇ ਕਿੱਤਾਮੁਖੀ ਕੋਰਸਾਂ ਸੰਬੰਧੀ ਮਾਰਗ ਦਰਸ਼ਨ ਪ੍ਰਦਾਨ ਦੇ ਮੰਤਵ ਨਾਲ ਜਿਲ੍ਹਾ ਪ੍ਰਸ਼ਾਸਨ ਵੱਲੋਂ ਦਸੰਬਰ ਮਹੀਨੇ ਸਥਾਨਕ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਕਰਵਾਏ ਜਾਣ ਵਾਲੇ ਸਪਾਰਕ ਮੇਲਾ-2023 ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ ਮੀਟਿੰਗ ਕੀਤੀ ਤੇ ਵੱਖ-ਵੱਖ ਸਕੂਲਾਂ ਤੇ ਕਾਲਜਾਂ ਤੋਂ ਸਹਿਯੋਗ ਦੀ ਮੰਗ ਕੀਤੀ। ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਪ੍ਰਤੀਨਿਧੀਆਂ ਨਾਲ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਪਾਰਕ ਮੇਲੇ ਦੌਰਾਨ ਕਿੱਤਾ ਮਾਹਰਾਂ ਵੱਲੋਂ ਵਿਦਿਆਰਥੀਆਂ ਨੂੰ ਕੈਰੀਅਰ ਕਾਊਂਸਲਿੰਗ ਪ੍ਰਦਾਨ ਕਰਨ ਦੇ ਨਾਲ-ਨਾਲ ਸਰਕਾਰ ਵੱਲੋਂ ਸਵੈ ਰੋਜ਼ਗਾਰ ਅਤੇ ਹੁਨਰ ਵਿਕਾਸ ਸਬੰਧੀ ਚਲਾਈਆਂ ਜਾ ਰਹੀਆਂ ਯੋਜਨਾਵਾਂ ਸਬੰਧੀ ਵੀ ਜਾਣੂ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਮੇਲੇ ਵਿੱਚ ਸਕੂਲਾਂ/ਕਾਲਜਾਂ ਵੱਲੋਂ ਵੱਖ-ਵੱਖ ਸਟਾਲ ਲਗਾਏ ਜਾਣਗੇ, ਜਿਥੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਤੇ ਵੱਖ-ਵੱਖ ਕਿੱਤਿਆਂ ਸਬੰਧੀ ਅਗਵਾਈ ਪ੍ਰਦਾਨ ਕੀਤੀ ਜਾਵੇਗੀ ਤਾਂ ਜੋ ਉਹ ਭਵਿੱਖ ਵਿੱਚ ਆਪਣੀ ਰੁਚੀ ਮੁਤਾਬਕ ਸਹੀ ਕਿੱਤੇ ਦੀ ਚੋਣ ਕਰ ਸਕਣ। ਉਨ੍ਹਾਂ ਮੀਟਿੰਗ ਵਿੱਚ ਸ਼ਾਮਲ ਵਿੱਦਿਅਕ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੂੰ ਸਪਾਰਕ ਮੇਲੇ ਦੌਰਾਨ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਤਾਂ ਜੋ ਵਿਦਿਆਰਥੀਆਂ ਖਾਸ ਕਰ ਪਿੰਡਾਂ ਦੇ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਵੱਖ-ਵੱਖ ਖੇਤਰਾਂ ਵਿੱਚ ਕਰੀਅਰ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਦਿੱਤੀ ਜਾ ਸਕੇ। ਇਸ ਮੌਕੇ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਸਕੱਤਰ ਇੰਦਰਦੇਵ ਸਿੰਘ, ਜ਼ਿਲ੍ਹਾ ਗਾਈਡੈਂਸ ਕਾਊਂਸਲਰ ਡਾ. ਸੁਰਜੀਤ ਲਾਲ ਅਤੇ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਪ੍ਰਤੀਨਿਧੀ ਮੌਜੂਦ ਸਨ।

ਖੇਤੀਬਾੜੀ ਵਿਭਾਗ ਵੱਲੋਂ ਸਬਸਿਡੀ 'ਤੇ ਦਿੱਤੀ ਖੇਤੀ ਮਸ਼ੀਨਰੀ ਦੀ ਪੜਤਾਲ ਅੱਜ

ਡੇਰਾਬਸੀ (ਕ੍ਰਿਸ਼ਨ ਗਰਗ) ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਪਰਾਲੀ ਦੀ ਸਾਂਭ ਸੰਭਾਲ ਲਈ ਜਿਲ੍ਹੇ ਵਿੱਚ ਕਿਸਾਨਾਂ ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਐੱਸ.ਏ.ਐੱਸ.ਨਗਰ ਦੁਆਰਾ ਕੁੱਲ 221 ਮਸ਼ੀਨਾਂ ਵਿਅਕਤੀਗਤ ਕਿਸਾਨ, ਕਿਸਾਨ ਗਰੁੱਪਾਂ, ਸਹਿਕਾਰੀ ਸਭਾਵਾਂ ਅਤੇ ਪੰਚਾਇਤਾਂ ਨੂੰ ਮੁਹੱਈਆ ਕਰਵਾਈਆਂ ਗਈਆਂ ਹਨ। ਡਾ. ਗੁਰਮੇਲ ਸਿੰਘ ਮੁੱਖ ਖੇਤੀਬਾੜੀ ਅਫਸਰ ਐੱਸ.ਏ.ਐੱਸ. ਨਗਰ ਨੇ ਦੱਸਿਆ ਕਿ ਇਨ੍ਹਾਂ ਮਸ਼ੀਨਾਂ ਦੀ ਭੌਤਿਕੀ ਪੜਤਾਲ 1 ਦਸੰਬਰ ਨੂੰ ਦਿਨ ਸ਼ੁੱਕਰਵਾਰ ਬਲਾਕ ਪੱਧਰ 'ਤੇ ਸਵੇਰੇ 10 ਵਜੇ ਬਲਾਕ ਖਰੜ ਦੇ ਪਿੰਡ ਚੱਪੜ ਚਿੜੀ ਨੇੜੇ ਫਤਹਿ ਬੁਰਜ ਗਰਾਊਂਡ, ਬਲਾਕ ਮਾਜਰੀ ਦੇ ਪਿੰਡ ਕਾ

1-Dec-PAGE-12.qxd 11/30/2023 11:04 PM Page 1

ਦੰਪਤੀ ਜੋੜੇ ਦੀ ਅੰਤਿਮ ਅਰਦਾਸ ਮੌਕੇ

ਬਹੁਪੱਖੀ ਸ਼ਖਸੀਅਤ ਪ੍ਰੇਮ ਅਵਤਾਰ ਰੈਣਾ, ਪ੍ਰਿੰ. ਕੰਵਲਜੀਤ ਕੌਰ

22 ਨਵੰਬਰ 2023 ਨੂੰ ਖਬਰ ਮਿਲੀ ਕਿ ਪ੍ਰੇਮ ਅਵਤਾਰ ਰੈਣਾ ਇਸ ਫਾਨੀ ਸੰਸਾਰ ਨੂੰ ਸਦਾ ਲਈ ਅਲਵਿਦਾ ਕਹਿ ਗਏ ਹਨ। ਦਿਹਾਂਤ ਦੀ ਖਬਰ ਕੋਦਰੀ ਪੰਜਾਬੀ ਸਭਾ ਤੇ ਸਾਹਿਤਕ ਸਭਾਵਾਂ ਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋਂ ਆਈ। ਇਹ ਖਬਰ ਪਰਵਾਰ, ਰਿਸ਼ਤੇਦਾਰ ਤੇ ਸਾਡੇ ਸਾਰਿਆਂ ਵਾਸਤੇ ਹੋਰ ਵੀ ਅਕਹਿ ਤੇ ਅਸਹਿ ਹੋ ਜਾਂਦੀ ਹੈ, ਜਦੋਂ ਚਾਰ ਦਿਨਾਂ ਬਾਅਦ 26 ਨਵੰਬਰ 2023 ਨੂੰ ਉਹਨਾ ਦੀ ਧਰਮ ਪਤਨੀ ਸਰਦਾਰਨੀ ਕੰਵਲਜੀਤ ਕੌਰ (ਪ੍ਰਿੰਸੀਪਲ) ਵੀ ਸਦੀਵੀ ਵਿਛੋੜਾ ਦੇ ਜਾਂਦੇ ਹਨ, ਜਿਨ੍ਹਾਂ ਦੀ ਅੰਤਮ ਅਰਦਾਸ 1 ਦਸੰਬਰ ਨੂੰ ਹੋ ਰਹੀ ਹੈ। ਇਹ ਇਤਫਾਕ ਸੀ ਜਾਂ ਜਨਮ ਜਨਮਾਤਰਾ ਦਾ ਰਿਸ਼ਤਾ ਸੀ ਕਿ ਸ਼ਮਸ਼ਾਨ ਘਾਟ ਵਿਚ ਅਗਨ-ਥੜ੍ਹਾ ਵੀ 22-26 ਨਵੰਬਰ ਨੂੰ ਉਹ ਹੀ ਸੀ। ਰੈਣਾ ਦਾ ਅਸਲੀ ਨਾਂਅ ਅਵਤਾਰ ਸਿੰਘ ਤੇ ਉਹਨਾ ਦੇ ਪਿਤਾ ਦਾ ਨਾਂਅ ਪ੍ਰੇਮ ਸਿੰਘ ਸੀ, ਜਿਨ੍ਹਾਂ ਦੇ ਨਾਂਅ 'ਤੇ ਪ੍ਰੇਮ ਬਿਲਡਿੰਗ ਜੀ.ਟੀ. ਰੋਡ ਪੁਤਲੀਘਰ ਵਿਚ ਸਥਿਤ ਹੈ। ਉਹਨਾਂ ਦੇ ਪਿਤਾ ਜੀ ਵੀ ਲੇਖਕ ਸਨ। ਉਹਨਾ ਦਾ ਨਾਵਲ 'ਜੰਗਲ ਦਾ ਬਾਦਸ਼ਾਹ' ਪ੍ਰਸਿੱਧ ਸੀ। ਸਾਹਿਤਕ ਸਫਰ ਅਰੰਭ ਕਰਦਿਆਂ ਸ੍ਰ: ਅਵਤਾਰ ਸਿੰਘ ਜੀ ਨੇ ਆਪਣਾ ਨਾਂਅ ਪ੍ਰੇਮ ਅਵਤਾਰ ਰੈਣਾ ਰੱਖਿਆ। ਪ੍ਰੇਮ ਅਵਤਾਰ ਰੈਣਾ ਬਹੁਪੱਖੀ ਸ਼ਖਸੀਅਤ ਸਨ। ਪੜ੍ਹਾਈ ਕਰਦਿਆਂ ਉਹਨਾ ਦਾ ਸੰਬੰਧ ਸੰਸਾਰ ਪ੍ਰਸਿੱਧ ਸ਼ਖਸੀਅਤ ਤੇਜਾ ਸਿੰਘ ਸੁਤੰਤਰ (ਸਾਬਕਾ ਮੈਂਬਰ ਪਾਰਲੀਮੈਂਟ) ਸੁਤੰਤਰਤਾ ਸੰਗਰਾਮ ਸਵ: ਸ੍ਰੀ ਚਾਚਾ ਮੁਲਖ ਰਾਜ ਜੀ, ਗਹਿਲ ਸਿੰਘ ਛੱਜਲਵੱਡੀ ਤੇ ਗਦਰੀ ਬਾਬਿਆਂ ਨਾਲ ਹੋਇਆ ਤੇ ਇਕ ਦੇਸ਼ ਭਗਤ ਪਰਵਾਰ ਜਿਸ ਵਿਚ ਪੂਰਨ ਸਿੰਘ ਕਾਲੇ ਘਣੂਪੁਰ, ਕਾਮਰੇਡ ਸ਼ਮਸ਼ੇਰ ਸਿੰਘ ਵੇਰਕਾ, ਜਸਪਾਲ ਸਿੰਘ ਖੈਰਾਬਾਦ, ਚਮਨ ਲਾਲ ਸ਼ਰਮਾ ਹਰੀ ਪੁਰਾ. ਕਾ ਅਰਜਨ ਸਿੰਘ ਮਸਤਾਨਾ (ਸਾਬਕਾ ਐੱਮ.ਐੱਲ.ਏ., ਕਾ. ਪ੍ਰੀਤਮ ਸਿੰਘ ਕੋਲਸੀ, ਬੀਬੀ ਬੀਰ ਕਲਸੀ (ਧੀ-ਜਵਾਈ) ਸ਼ਹੀਦ ਗਹਿਲ ਸਿੰਘ ਛੱਜਲਵੱਡੀ ਸ੍ਰੀ ਅਵਤਾਰ ਪਾਲ (ਪੰਜਾਬ ਬੁੱਕ-ਸੈਂਟਰ ਇਸ ਪਰਵਾਰ ਵਿਚ ਮੇਰੇ ਪਿਤਾ ਜੀ ਕਾ: ਸ਼ਮਸ਼ੇਰ ਸਿੰਘ ਵੇਰਕਾ (ਫਰੀਡਮ ਫਾਈਟਰ) ਕਰਕੇ ਮੈਨੂੰ ਰਿਸ਼ਤਾ ਮਿਲਿਆ ਤੇ ਮੈਨੂੰ ਪ੍ਰੇਮ ਅਵਤਾਰ ਸਿੰਘ ਜੀ ਦਾ ਭਤੀਜਾ ਹੋਣ ਦਾ ਮਾਣ ਪ੍ਰਾਪਤ ਹੋਇਆ। ਇਹ ਸਾਰੇ ਦੇਸ਼ ਭਗਤ ਸਮੇਤ ਸ੍ਰ. ਭਗਤ ਸਿੰਘ ਬਿਲਗਾ ਅਗਿਆਤਵਾਸ ਸਮੇਂ ਵੇਰਕਾ ਅੰਮ੍ਰਿਤਸਰ ਵਿਚ ਮੇਰੇ ਪਿਤਾ ਜੀ ਕਾ: ਸ਼ਮਸ਼ੇਰ ਸਿੰਘ ਤੇ ਬਾਬਾ ਇੰਦਰ ਸਿੰਘ ਜੀ ਵੇਰਕਾ ਪਾਸ ਸਮੇਂ-ਸਮੇਂ ਆਉਂਦੇ ਰਹਿੰਦੇ। ਚਾਚਾ ਜੀ ਕਦੇ-ਕਦੇ ਆਪਣੇ ਬੀਤੇ ਸਫਰ 'ਤੇ ਝਾਤ ਪਵਾਉਂਦਿਆਂ ਦੱਸਦੇ ਕਿ ਦੇਸ਼ ਦੀ ਅਜ਼ਾਦੀ ਸਮੇਂ ਵਿਚਰਦਿਆਂ ਅੰਗਰੇਜ਼ ਹਕੂਮਤ ਵੱਲੋਂ ਅੰਦੋਲਨ-ਕਾਰੀਆਂ 'ਤੇ ਤਸ਼ੱਦਦ ਕਰਦੇ, ਤਸੀਹੇ ਦਿੰਦੇ, ਉਸ ਸਮੇਂ ਮੇਰੇ ਮਨ ਵਿਚ ਆਪਣੇ ਬਾਰੇ ਵਿਚਾਰ ਆਉਂਦੇ। ਮੈਂ ਗਰਮੀ ਵਿਚ ਨੰਗੇ ਪੈਰੀਂ ਗਰਮ ਸੜਕ 'ਤੇ ਤੁਰਦਾ ਸੀ। ਪ੍ਰੇਮ ਅਵਤਾਰ ਰੈਣਾ ਜੀ ਨੇ ਬੀ.ਏ ਅਲੀਗੜ੍ਹ ਤੋਂ ਕੀਤੀ। ਇਥੇ ਸ੍ਰ: ਜਗਦੇਵ ਸਿੰਘ ਜੱਸੋਵਾਲ ਉਹਨਾ ਦੇ ਸਹਿ-ਪਾਠੀ ਸਨ। ਐੱਮ.ਏ ਅੰਗਰੇਜ਼ੀ ਕਰਕੇ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅੰਗਰੇਜ਼ੀ ਲੈਕਚਰਾਰ ਦੀ ਸੇਵਾ ਨਿਭਾਈ। ਉਹਨਾ ਦੀ ਵਿਚਾਰਧਾਰਾ ਮੈਨੇਜਮੈਂਟ ਨਾਲ ਮੇਲ ਨਹੀਂ ਖਾਧੀ ਤੇ ਉਹਨਾ ਨੇ ਨੌਕਰੀ ਛੱਡ ਕੇ ਸਾਹਿਤਕ ਕਾਰਜ ਵਿਚ ਯੋਗਦਾਨ ਪਾਇਆ ਅਤੇ ਇਕ ਜਰਨਲਿਸਟ, ਪ੍ਰਮੁੱਖ ਅਨੁਵਾਦਕ ਅਤੇ ਲੇਖਕ ਬਣੇ। ਉਹਨਾ ਦੀਆਂ ਅਨੁਵਾਦਕ ਪੁਸਤਕਾਂ "ਅੱਧੀ ਰਾਤ ਵੇਲੇ" (ਪਰਲ ਬੱਕ) "ਆਧੁਨਿਕ ਸੌਂਦਰਯ ਬੋਧ ਦੀਆ ਸਮੱਸਿਆਵਾਂ" "ਅਨਾਤੋਲੀ ਦਰੇਮੋਵ", "ਚੜ੍ਹਦੇ ਸੂਰਜ ਨੂੰ ਸਲਾਮ" (ਐਤਵ ਚੈਖੋਵ) "ਹਵੇਲੀ ਵਾਲੀ ਸਾਹਿਬਾ" (ਐਤਵ ਚੈਖੋਵ) "ਬਾਬਰ ਪਿਰਿਮਕੁਲ ਕਾਇਰੋਵ" ਮੇਰੀ ਕਹਾਣੀ (ਫਲੇਵੀਆ) ਮੰਟੋ ਦੇ ਖਤ : "ਅੰਕਲ ਸੈਮ ਦਾ ਨਾਂ" ਸੁਆਦਤ ਹਸਨ ਮੰਟੋ ਮਹਾਰਾਜਾ ਰਣਜੀਤ ਸਿੰਘ : ਰਾਜ ਵਿਵਸਥਾ, ਅਰਥਚਾਰਾ ਅਤੇ ਸਮਾਜ, ਡਾ. ਜੇ.ਐੱਸ. ਗਰੇਵਾਲ ਆਦਿ ਪੁਸਤਕਾਂ ਅਨੁਵਾਦ ਕੀਤੀਆਂ। ਉਹਨਾ ਰੂਸੀ ਲੋਕ ਕਹਾਣੀਆਂ ਤੇ ਹੋਰ ਅੱਧੀ ਦਰਜਨ ਬਾਲ ਪੁਸਤਕਾਂ ਨੂੰ ਪੰਜਾਬੀ ਵਿਚ ਉਲਥਾਇਆ। ਡਾ: ਲਾਭ ਸਿੰਘ ਖੀਵਾ ਵੀ ਆਪਣੇ ਲੇਖ ਵਿਚ ਲਿਖਦੇ ਹਨ ਕਿ ਪ੍ਰੇਮ ਅਵਤਾਰ ਰੈਣਾ ਨੇ ਪਰਵੀਨ ਸ਼ਾਕਿਰ ਦੀ ਚੋਣਵੀਂ ਕਵਿਤਾ ਨੂੰ ਬਾਕਮਾਲ ਲਿਪੀਅੰਤਰ ਕੀਤਾ ਹੈ। "ਆਧੁਨਿਕ ਸੌਂਦਰਯ ਬੋਧ ਦੀ ਸਮੱਸਿਆ" ਕਿਤਾਬਾਂ ਤਾਂ ਤਤਕਾਲੀ ਖੋਜਾਰਥੀਆਂ ਨੇ ਪੜ੍ਹ-ਪੜ੍ਹ ਕੇ ਘਸਾ ਦਿੱਤੀ ਸੀ। "ਬਾਬਰ" ਨਾਵਲ ਅਕਾਦਮਿਕ ਹਲਕਿਆਂ ਵਿਚ ਬਹੁਤ ਮਕਬੂਲ ਰਿਹਾ ਹੈ। ਰੂਸੀ ਲਿਖਤਾਂ ਨੂੰ ਰੈਣਾ ਜੀ ਨੇ ਰੀਝ ਨਾਲ ਉਲਥਾਇਆ ਹੈ। ਰੈਣਾ ਜੀ ਵਰਗੇ ਰੋਸ਼ਨ ਦਿਮਾਗ ਸ਼ਖਸ ਦੀ ਸੰਗਤ ਕਦੇ ਨਹੀਂ ਭੁੱਲਣੀ। ਰੈਣਾ ਜੀ ਦੇ ਨਵਾਂ ਜ਼ਮਾਨਾ ਅਖਬਾਰ ਦੇ ਪੱਤਰਕਾਰ ਦੇ ਹੁੰਦਿਆਂ ਅਨੁਵਾਦਤ ਲੇਖ ਨਵਾਂ ਜ਼ਮਾਨਾ ਵਿਚ ਛਪਦੇ ਰਹੇ ਅਤੇ ਲੰਮਾ ਅਰਸਾ ਹਫਤਾਵਾਰੀ ਫੀਚਰ ਵਿਚ ਪਾਕਿਸਤਾਨੀ ਉਰਦੂ ਕਵਿਤਾ ਦਾ ਪੰਜਾਬੀ ਅਨੁਵਾਦ ਕਰਕੇ "ਪਾਰੋ ਆਇਆ ਮਾਖੀਓ" ਸਿਰਲੇਖ ਹੇਠ ਛਪਦਾ ਰਿਹਾ। ਅੰਮ੍ਰਿਤਸਰ ਪ੍ਰੈੱਸ ਕਲੱਬ ਵਿਚ ਜਗਤਾਰ ਸਿੰਘ ਇੰਡੀਅਨ ਐਕਸਪ੍ਰੈੱਸ ਅਖਬਾਰ ਦੀ ਪੱਤਰਕਾਰ ਨਾਲ ਸਰਗਰਮ ਭੂਮਿਕਾ ਨਿਭਾਈ ਜਦੋਂ ਮੈਂ ਖਾਲਸਾ ਕਾਲਜ ਵਿਚ ਦਾਖਲਾ ਲਿਆ, ਉਸ ਸਮੇਂ ਤੋਂ ਲੰਮਾ ਸਮਾਂ ਉਹਨਾ ਨਾਲ ਸੰਗਤ ਕੀਤੀ। ਉਹਨਾ ਨੂੰ ਹੋਰ ਵੀ ਨੇੜਿਓਂ ਹੋ ਕੇ ਵੇਖਣ ਦਾ ਮੌਕਾ ਮਿਲਿਆ। ਉਹ ਤੀਖਣਬੁੱਧੀ, ਸਾਦੇ ਤੇ ਸਾਊ ਸੁਭਾਅ ਦੇ ਮਾਲਕ ਸਨ। ਪੈਦਲ ਤੁਰਨਾ ਉਹਨਾ ਦਾ ਸ਼ੌਕ ਸੀ। ਕਦੇ-ਕਦੇ ਉਹ ਸਾਈਕਲ 'ਤੇ ਵੀ ਖਾਲਸਾ ਕਾਲਜ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਗੇੜਾ ਲਾ ਲੈਂਦੇ ਸਨ। ਹਾਲ ਗੇਟ ਵਿਚ ਉਹਨਾ ਦਾ ਮੁੱਖ ਅੱਡਾ ਤੇਜ਼ ਪ੍ਰਿੰਟਿੰਗ ਪ੍ਰੈੱਸ ਸੀ, ਜਿੱਥੇ ਤੇਜਾ ਸਿੰਘ ਸੇਠੀ ਉੱਥੇ ਅੰਮ੍ਰਿਤਸਰ ਦੇ ਲੇਖਕ, ਬੁੱਧੀਜੀਵੀ ਅਕਸਰ ਇਕੱਠੇ ਹੁੰਦੇ ਸਨ। ਵਿਹਲੇ ਸਮੇਂ ਇੱਥੇ ਸੇਠੀ ਭਾਜੀ ਨਾਲ ਚੈਸ ਵੀ ਖੇਡ ਲੈਂਦੇ ਸਨ। ਇੱਥੇ ਬਜ਼ਾਰ ਵਿੱਚ ਦਵਾਈਆਂ ਵਾਲੀ ਮਾਰਕਿਟ ਵਿੱਚ ਸਨ-ਸੋਲਜ਼ ਹਾਊਸ ਵਿਪਨ ਕਟਾਰੀਆ ਤੇ ਇੰਜੀਨੀਅਰ ਭਾਜੀ ਸ੍ਰ: ਹਰਭਜਨ ਸਿੰਘ ਜੀ ਨਾਲ ਵਿਚਾਰ ਗੋਸ਼ਟੀ ਕਰਦੇ ਤੇ ਕਦੇ-ਕਦੇ ਡਾ. ਡੀ.ਡੀ. ਸ਼ਰਮਾ ਜੀ ਨਾਲ ਚਾਹ ਦਾ ਪਿਆਲਾ ਸਾਝਾਂ ਕਰਦੇ, ਅਗਲਾ ਪੜਾਅ ਪ੍ਰੀਤਮ ਸਿੰਘ ਜੀ ਕਲਸੀ ਦੀ ਦੁਕਾਨ 'ਤੇ ਹੁੰਦਾ। ਜੋ ਬਾਅਦ ਵਿੱਚ ਪੰਜਾਬ ਬੁੱਕ ਸੈਂਟਰ ਚੰਡੀਗੜ੍ਹ ਚਲੇ ਗਏ। ਕਲਸੀ ਭਾਜੀ ਨੂੰ ਪ੍ਰੇਰ ਕੇ ਵਢੇਰੀ ਉਮਰ ਵਿੱਚ ਓਪਨ ਯੂਨੀਵਰਸਿਟੀ ਵਿਚੋਂ ਪਹਿਲਾਂ ਬੀ.ਏ ਤੇ ਫਿਰ ਐੱਮ.ਏ ਕਰਵਾਈ। ਚਾਚਾ ਜੀ ਦਾ ਦੂਜਾ ਰਸਤਾ ਹੁੰਦਾ, ਖਾਲਸਾ ਕਾਲਜ ਅੰਮ੍ਰਿਤਸਰ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਇਸ ਰਸਤੇ 'ਤੇ ਪੁਤਲੀਘਰ ਤੋਂ ਪੈਦਲ ਤੁਰਦੇ ਤੇ ਰਸਤੇ ਵਿੱਚੋਂ ਕੋਈ

ਵਿਦਿਆਰਥੀ, ਪ੍ਰੋਫੈਸਰ ਜਾਂ ਯੂਨੀਵਰਸਿਟੀ ਦੇ ਉੱਚ ਅਧਿਕਾਰੀ ਆਪਣੀ ਕਾਰ ਜਾਂ ਸਕੂਟਰ ਰੋਕ ਕੇ ਉਹਨਾਂ ਨੂੰ ਨਾਲ ਬਿਠਾ ਕੇ ਮਾਣ ਮਹਿਸੂਸ ਕਰਦੇ ਸਨ। ਉਹਨਾਂ ਦੀ ਸ਼ਖਸੀਅਤ ਦਾ ਵਿਲੱਖਣ ਗੁਣ ਸੀ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੇਟ ਤੋਂ ਹੀ ਸਕਿਉਰਟੀ ਵਾਲੇ, ਸੇਵਾਦਾਰ, ਨਾਨ-ਟੀਚਿੰਗ ਅਹੁਦੇਦਾਰ ਤੇ ਵਾਈਸ ਚਾਂਸਲਰ ਸਾਹਿਬ ਤੱਕ ਰੈਣਾ ਜੀ ਨੂੰ ਮਿਲਦੇ ਤੇ ਉਹ ਸਾਰਿਆਂ ਦਾ ਤੇ ਉਹਨਾਂ ਦੇ ਪਰਵਾਰਾਂ ਦਾ ਹਾਲ-ਚਾਲ ਪੁੱਛਦੇ। ਯੂਨੀਵਰਸਿਟੀ ਦੇ ਫੈਲੋ, ਲਾਅ ਫੈਕਲਿਟੀ ਉਹਨਾਂ ਦੇ ਬਹੁਤ ਕਰੀਬ ਸਨ, ਜਿਨ੍ਹਾਂ ਵਿੱਚੋਂ ਡਾ. ਲਾਭ ਸਿੰਘ ਖੀਵਾ, ਲਖਵਿੰਦਰ ਰੰਧਾਵਾ, ਹਰਚੰਦ ਬਾਠ, ਕੁਲਵੰਤ ਸੰਧੂ, ਜਤਿੰਦਰ ਜੌਲੀ, ਲਖਵਿੰਦਰ ਜੌਹਲ, ਅਜੀਤ ਸ਼ਾਹੀ, ਸਤਵਿੰਦਰ ਢਿੱਲੋਂ, ਪ੍ਰਦੀਪ ਰਤਨ (ਗੁਰੀਲਾ) ਤੇ ਮੈਂ, ਅਸੀਂ ਸਾਰੇ ਚਾਚਾ ਜੀ ਨਾਲ ਚਾਹ ਪੀਂਦੇ, ਵਿਚਾਰਾਂ ਕਰਦੇ ਤੇ ਆਪਣੇ ਵਿਦਿਆਰਥੀਆਂ ਦੀਆਂ ਮੁਸ਼ਕਲਾਂ ਸਾਂਝੀਆਂ ਕਰਦੇ, ਕਿਉਂਕਿ ਉਹ ਹਮੇਸ਼ਾ ਹੀ ਵਿਦਿਆਰਥੀਆਂ ਦੀ ਮਦਦ ਕਰਨ ਲਈ ਤੱਤਪਰ ਰਹਿੰਦੇ ਸੀ। ਅਧਿਆਪਕਾਂ ਵਿੱਚ ਡਾ. ਅਮਰ ਸਿੰਘ ਧਾਲੀਵਾਲ, ਡਾ. ਗੁਰਬਖਸ਼ ਫਰੈਂਕ, ਡਾ. ਕਰਨੈਲ ਸਿੰਘ ਥਿੰਦ, ਡਾ. ਦੀਵਾਨ ਸਿੰਘ ਤੇ ਡਾ. ਇਕਬਾਲ ਕੌਰ ਸੋਂਧ, ਡਾ. ਹਰੀਸ਼ ਪੁਰੀ, ਡਾ. ਬੱਸੀ ਤੇ ਨਾਨ ਟੀਚਿੰਗ ਵਿੱਚ ਸ੍ਰ. ਪ੍ਰੀਤਮ ਸਿੰਘ, ਸਵਿੰਦਰਜੀਤ, ਮਨਜੀਤ ਸਿੰਘ, ਮਨਮੋਹਨ ਸਿੰਘ ਆਦਿ ਵੀ ਸਾਰੇ ਚਾਚਾ ਜੀ ਨਾਲ ਮਿਲਾਪ ਰੱਖਦੇ ਤੇ ਉਹ ਵੀ ਸਾਰੇ ਚਾਚਾ ਜੀ ਕਹਿੰਦੇ। ਪ੍ਰੇਮ ਬਿਲਡਿੰਗ ਵਿੱਚ ਅਕਸਰ ਰਾਜਨੀਤਕ ਤੇ ਸਾਹਿਤਕ ਸਰਗਰਮੀਆਂ ਚੱਲਦੀਆਂ ਰਹਿੰਦੀਆਂ ਸਨ, ਜਿੱਥੇ ਹਰ ਵੱਡੇ-ਛੋਟੇ, ਵਿਦਿਆਰਥੀਆਂ, ਆਇਆਂ ਦੀ ਖੂਬ ਸੇਵਾ ਹੁੰਦੀ। ਉਹਨਾਂ ਦੇ ਮਾਤਾ ਜੀ ਬੀਜ਼ੀ ਕਰਤਾਰ ਕੌਰ ਵੱਡੀ ਉਮਰ ਵਿੱਚ ਵੀ ਖਿੜੇ ਮੱਥੇ ਜੀ ਆਇਆਂ ਕਹਿੰਦੇ, ਪਿਆਰ ਕਰਦੇ, ਚਾਚੀ ਜੀ ਕਵਲਜੀਤ ਕੌਰ ਸਾਰਿਆਂ ਲਈ ਰੋਟੀ-ਚਾਹ ਦਾ ਪ੍ਰਬੰਧ ਕਰਦੇ ਖਾਸ ਕਰਕੇ ਯੂਨੀਵਰਸਿਟੀ ਦੇ ਸਕਾਲਰਜ਼ ਦਾ ਆਉਣ-ਜਾਣ ਬਣਿਆ ਰਹਿੰਦਾ ਸੀ। ਜਿਸ ਸਮੇਂ ਸ਼ਹੀਦ ਸ੍ਰ: ਊਧਮ ਸਿੰਘ ਜੀ ਦੀਆਂ ਅਸਥੀਆਂ ਲੈ ਕੇ ਆਏ, ਉਸ ਸਮੇਂ ਵੱਡੇ ਇਨਕਲਾਬੀਆਂ ਦੇ ਦਰਸ਼ਨ ਕਰਨ ਤੇ ਉਹਨਾਂ ਨਾਲ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਮਿਲਿਆ। ਰੈਣਾ ਜੀ ਦੇ ਘਰ ਬਾਬਾ ਇੰਦਰ ਸਿੰਘ ਮੁਰਾਰੀ ਜੋ ਹੱਥਕੜੀਆਂ ਸਮੇਤ ਭੱਜੇ ਸਨ ਅਤੇ ਨਾਲ ਸ੍ਰ: ਸੁਰਜਨ ਸਿੰਘ ਖੇਲਾ ਜੋ ਕਿ ਕਾਮਰੇਡ ਸੁਤੰਤਰ ਜੀ ਦੇ ਹਰ ਸਮੇਂ ਨਾਲ ਰਹਿੰਦੇ ਸਨ। ਇਹਨਾਂ ਨੂੰ ਮੈਂ ਪਹਿਲੀ ਵਾਰ ਮਿਲਿਆ ਸੀ, ਜੋ ਕਿ ਜਜ਼ਬਾਤੀ ਹੋ ਕੇ ਮੈਂ ਉਹਨਾਂ ਨੂੰ ਬਹੁਤ ਕੁਝ ਪੁੱਛਿਆ, ਜੋ ਕਿ ਕਦੇ ਵੀ ਜ਼ਿਹਨ ਵਿੱਚੋਂ ਵਿਸਰਨ ਵਾਲਾ ਨਹੀਂ।

ਰੈਣਾ ਜੀ ਦੇ ਘਰ ਵਿੱਚ ਇੱਕ ਵੱਡੇ ਕਮਰੇ ਵਿੱਚ ਇੱਕ ਵਧੀਆ ਲਾਇਬ੍ਰੇਰੀ ਸੀ, ਜਿਸ ਵਿੱਚ ਹਰ ਵਿਸ਼ੇ ਨਾਲ ਸੰਬੰਧਤ ਕਿਤਾਬਾਂ, ਖਾਸਕਰ ਬਾਲ ਸਾਹਿਤ ਨਾਲ ਭਰਿਆ ਸੀ, ਜਿਸ ਵਿੱਚ ਮੁੱਲਵਾਨ (ਰੇਅਰ ਬੁੱਕਸ) ਸਨ, ਜਿਸ ਦਿਨ ਉਹ ਘਰ ਰਹਿੰਦੇ, ਪੂਰਾ ਦਿਨ ਉਹ ਆਪਣੀਆਂ ਕਿਤਾਬਾਂ ਵਿੱਚ ਹੀ ਬਤੀਤ ਕਰਦੇ। ਚਾਚਾ ਜੀ ਦੇ ਅੰਦਰ ਉਚੇਰੀ ਵਿੱਦਿਆ ਲਈ ਜਗਿਆਸਾ ਸੀ, ਉਹਨਾਂ ਦੀ ਪ੍ਰੇਰਨਾ ਨਾਲ ਮੇਰੇ ਵਰਗੇ ਕਈ ਨਲਾਇਕਾਂ ਨੇ ਐੱਮ.ਏ, ਐੱਮ.ਫਿਲ, ਪੀ.ਐੱਚ.ਡੀ ਵਿੱਚ ਸਫਲਤਾ ਹਾਸਲ ਕੀਤੀ। ਉਹਨਾਂ ਦਾ ਬੇਟਾ ਡਾ: ਨਵਪ੍ਰੇਮ ਸਿੰਘ ਨਵੀ ਐੱਮ.ਐੱਸ.ਸੀ ਐਗਰੀਕਲਚਰ ਕਰਕੇ ਏ.ਡੀ.ਓ ਬਣ ਗਿਆ ਹੈ। ਉਹਨਾਂ ਨੇ ਨਵੀ ਨੂੰ ਉਥੇ ਹੀ ਨਹੀਂ ਰੁਕਣ ਦਿੱਤਾ, ਉਸ ਨੂੰ ਪ੍ਰੇਰ ਕੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚੋਂ ਪੀ.ਐੱਚ.ਡੀ ਕਰਵਾਈ, ਜਿੱਥੇ ਅੱਜਕੱਲ ਡਾ: ਨਵਪ੍ਰੇਮ ਸਿੰਘ ਪ੍ਰੋਫੈਸਰ ਦੀ ਸੇਵਾ ਨਿਭਾ ਰਹੇ ਹਨ।ਆਪਣੇ ਪਿਤਾ ਜੀ ਦੀ ਵਿਚਾਰਧਾਰਾ ਨੂੰ ਅੱਗੇ ਤੋਰਦੇ ਹੋਏ ਉਹ ਪੰਜਾਬ ਯੂਨੀਵਰਸਿਟੀ ਲੁਧਿਆਣਾ ਟੀਚਰ ਐਸੋਸੀਏਸ਼ਨ ਦੇ ਸਕੱਤਰ ਬਣੇ। ਅਧਿਆਪਕ ਤੇ ਮੁਲਾਜ਼ਮ ਵਰਗ ਦੀਆਂ ਲੋੜਾਂ ਲਈ ਸੰਘਰਸ਼ ਜਾਰੀ ਰੱਖਿਆ। ਡਾ. ਨਵਪ੍ਰੇਮ ਸਿੰਘ ਜੀ ਸਮਾਜ ਸੇਵੀ, ਮਾਤਾ-ਪਿਤਾ ਜੀ ਵਾਂਗ ਮਿੱਠੇ ਸੁਭਾਅ ਤੇ ਲੋਕ ਸੇਵਾ ਵਿੱਚ ਤਤਪਰ ਰਹਿੰਦੇ ਹਨ। ਨਵਪ੍ਰੇਮ ਸਿੰਘ ਦੀ ਸ਼ਾਦੀ ਡਾ. ਮਨਪ੍ਰੀਤ ਕੌਰ ਨਾਲ ਹੋਈ।

ਉਸ ਸਮੇਂ ਉਹ ਐੱਮ.ਐੱਸ.ਸੀ ਕਰਕੇ ਲਾਇਲਪੁਰ ਖਾਲਸਾ ਕਾਲਜ ਫਾਰ ਵੂਮੈਨ ਜਲੰਧਰ ਵਿੱਚ ਲੈਕਚਰਾਰ ਬਣੇ। ਰੈਣਾ ਜੀ ਦੀ ਇੱਥੇ ਵੀ ਸੰਤੁਸ਼ਟੀ ਨਹੀਂ ਹੋਈ। ਉਹਨਾਂ ਨੂੰ ਵੀ ਪ੍ਰੇਰਿਤ ਕਰਕੇ ਪੀ.ਐੱਚ.ਡੀ ਕਰਵਾਈ, ਜੋ ਮਨਪ੍ਰੀਤ ਕੌਰ ਵੀ ਇਥੇ ਯੂਨੀਵਰਸਿਟੀ ਵਿੱਚ ਬਤੌਰ ਲੈਕਚਰਾਰ ਸੇਵਾ ਨਿਭਾਅ ਰਹੇ ਹਨ। ਰੈਣਾ ਦੀ ਵੱਡੀ ਬੇਟੀ ਪ੍ਰੇਮ ਅਰਚਨਾ ਸਿਆਣੀ-ਸੁੱਘੜ ਤੇ ਨਿੱਘੇ ਸੁਭਾਅ ਦੀ ਹੈ, ਜੋ ਉਚੇਰੀ ਵਿੱਦਿਆ ਹਾਸਲ ਕਰਕੇ ਸ਼ਾਦੀ ਤੋਂ ਬਾਅਦ ਉਹ ਤੇ ਉਹਨਾਂ ਦੇ ਪਤੀ ਸ੍ਰ: ਹਰਵਿੰਦਰ ਸਿੰਘ ਪਰਵਾਰ ਸਮੇਤ ਆਸਟਰੇਲੀਆ ਚਲੇ ਗਏ, ਜਿੱਥੇ ਉਹ ਪਰਵਾਰ ਸਮੇਤ ਵਧੀਆ ਜੀਵਨ ਬਤੀਤ ਕਰ ਰਹੇ ਹਨ। ਡਾ: ਨਵਪ੍ਰੇਮ ਸਿੰਘ ਤੇ ਡਾ: ਮਨਪ੍ਰੀਤ ਕੌਰ ਦੀ ਨੌਕਰੀ ਲੁਧਿਆਣਾ ਹੋਣ ਕਰਕੇ ਚਾਚਾ ਜੀ ਤੇ ਚਾਚੀ ਜੀ ਪਿਛਲੇ 10 ਕੁ ਸਾਲ ਤੋਂ ਲੁਧਿਆਣਾ ਯੂਨੀਵਰਸਿਟੀ ਕੈਂਪਸ ਵਿੱਚ ਰਹਿ ਰਹੇ ਸਨ, ਪਰ ਅਚਾਨਕ ਦੰਪਤੀ ਜੋੜਾ ਨਾ-ਮੁਰਾਦ ਬਿਮਾਰੀ ਦਾ ਸ਼ਿਕਾਰ ਹੋ ਗਏ, ਜੋ ਅੰਤ ਵਿੱਚ ਜਾਨਲੇਵਾ ਸਾਬਤ ਹੋਏ। ਪਰਵਾਰ ਨੂੰ ਉਹਨਾਂ ਦੀ ਲੰਬੀ ਬਿਮਾਰੀ ਕਾਰਨ ਕਾਫੀ ਸਾਲ ਆਪਣੇ ਸਾਰੇ ਰੁਝੇਵੇਂ ਸਮੇਟ ਕੇ ਮਾਂ-ਬਾਪ ਦੀ ਸੇਵਾ ਵਿੱਚ ਲਗਾਏ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਮਾਂ-ਬਾਪ ਦੀ ਸੇਵਾ ਡਾ. ਮਨਪ੍ਰੀਤ ਕੌਰ ਨੇ ਆਪਣੇ ਪਤੀ ਨਵਪ੍ਰੇਮ ਨਵੀ ਨਾਲ ਬੜੀ ਹਿੰਮਤ ਨਾਲ ਸਾਥ ਦੇ ਕੇ ਕੀਤੀ। ਉਹਨਾਂ ਦੀ ਉਮਰ ਲੰਮੇਰੀ ਕਰਦਿਆਂ ਹਰ ਤਰ੍ਹਾਂ ਦੀ ਮੈਡੀਕਲ ਸ